ੴ ਸਤਿਗੁਰ ਪ੍ਰਸਾਦਿ ॥

# ਰਾਗਮਾਲਾ ਸਟੀਕ

ਜਥਾ ਭਿੰਡਰਾਂ ( ਮਹਿਤਾ )

ਦਾਸਨਿ ਦਾਸ

## ਠਾਕੁਰ ਸਿੰਘ 'ਖਾਲਸਾ'

ੴ ਸਤਿਗੁਰ ਪ੍ਰਸਾਦਿ ॥

# ਰਾਗਮਾਲਾ ਸਟੀਕ

ਜਥਾ ਭਿੰਡਰਾਂ ( ਮਹਿਤਾ )

ਦਾਸਨਿ ਦਾਸ

## ਠਾਕੁਰ ਸਿੰਘ 'ਖਾਲਸਾ'

ੴ ਸਤਿਗੁਰ ਪ੍ਰਸਾਦਿ ॥

# ਰਾਗਮਾਲਾ ਸਟੀਕ

ਕਰਤਾ:

ਸੰਤ ਗਿਆਨੀ ਸੁੰਦਰ ਸਿੰਘ ਜੀ 'ਖਾਲਸਾ'
ਭਿੰਡਰਾਂ ਵਾਲੇ

ਪ੍ਰਕਾਸ਼ਕ:

ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ'
ਭਿੰਡਰਾਂ ਵਾਲਿਆਂ ਦੇ ਉਤ੍ਰਾਧਿਕਾਰੀ
ਸੰਤ ਗਿਆਨੀ ਕਰਤਾਰ ਸਿੰਘ ਜੀ 'ਖਾਲਸਾ'
ਦੇ ਜਾਨਸ਼ੀਨ
ਸੰਤ ਗਿਆਨੀ ਜਰਨੈਲ ਸਿੰਘ 'ਖਾਲਸਾ'
ਦੀ ਗੈਰ ਹਾਜ਼ਰੀ ਵਿੱਚ

– ਦਾਸਨਿ ਦਾਸ –

ਠਾਕੁਰ ਸਿੰਘ 'ਖਾਲਸਾ'

# ਜਿਨ ਭੈ ਅਦਬ ਨ ਬਾਨੀ ਧਾਰਾ ॥
# ਜਾਨਹੁ ਸੋ ਸਿਖ ਨਹੀਂ ਹਮਾਰਾ ॥੨੦॥

ਸਾਧ ਸੰਗਤ ਜੀ !

ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਜੀ ਪਾਤਸ਼ਾਹੀਆਂ ਦਾ ਪ੍ਰਤੱਖ ਸਰੂਪ ਜਾਣ ਕੇ ੴ ਤੋਂ ਲੈ ਕੇ ਅਠਾਰਹ ਦਸ ਬੀਸ ਤੱਕ ਅੱਖਰ ਅੱਖਰ 'ਤੇ ਗੁਰੂ ਭਾਵਨਾ ਰੱਖਣ ਨਾਲ ਹੀ ਗੁਰੂ ਸਾਹਿਬ ਜੀ ਦੀਆਂ ਖ਼ੁਸ਼ੀਆਂ , ਹਰ ਪ੍ਰਕਾਰ ਦਾ ਸੁਖ , ਹਰ ਤਰ੍ਹਾਂ ਦੀਆਂ ਪ੍ਰਮਾਰਥਕ ਅਤੇ ਸੰਸਾਰਕ ਦਾਤਾਂ ਪ੍ਰਾਪਤ ਹੋਣਗੀਆਂ।


– ਦਾਸਨਿ ਦਾਸ –

ਠਾਕੁਰ ਸਿੰਘ 'ਖਾਲਸਾ'

## ਦਮਦਮੀ ਟਕਸਾਲ

ਜਥਾ ਭਿੰਡਰਾਂ , ਮਹਿਤਾ
ਸ੍ਰੀ ਅੰਮ੍ਰਿਤਸਰ।

# ਰਾਗਮਾਲਾ

ਰਾਗਾਂ ਦੇ ਨਾਮ — ਪੰਜ ਪੰਜ ਇਸਤ੍ਰੀਆਂ ਤੇ ਅੱਠ ਅੱਠ ਪੁੱਤਰਾਂ ਦੇ ਨਾਮ

| ਰਾਗਾਂ ਦੇ ਨਾਮ | | | | | | | | | |
|---|---|---|---|---|---|---|---|---|---|
| ਭੈਰਉ | ਇਸਤ੍ਰੀਆਂ ਦੇ ਨਾਮ | | ਭੈਰਵੀ | ਬਿਲਾਵਲੀ | ਪੁਨਿਆਕੀ | ਬੰਗਲੀ | ਅਸਲੇਖੀ | | |
| | ਪੁੱਤਰਾਂ ਦੇ ਨਾਮ | ਪੰਚਮ | ਹਰਖ | ਦਿਸਾਖ | ਬੰਗਾਲਮ | ਮਧੁ | ਮਾਧਵ | ਲਲਤ | ਬਿਲਾਵਲ |
| ਮਾਲਕਉਸਕ | ਇਸਤ੍ਰੀਆਂ ਦੇ ਨਾਮ | | ਗੋਂਡਕਰੀ | ਦੇਵਗੰਧਾਰੀ | ਗੰਧਾਰੀ | ਸੀਹੁਤੀ | ਧਨਾਸਰੀ | | |
| | ਪੁੱਤਰਾਂ ਦੇ ਨਾਮ | ਮਾਰੂ | ਮਸਤ ਅੰਗ | ਮੇਵਾਰਾ[੧] | ਪ੍ਰਬਲ ਚੰਡ | ਕਉਸਕ | ਉਭਾਰਾ | ਖਉਖਟ | ਭਉਰਾਨਦ |
| ਹਿੰਡੋਲ | ਇਸਤ੍ਰੀਆਂ ਦੇ ਨਾਮ | | ਤੇਲੰਗੀ | ਦੇਵਕਰੀ | ਬਸੰਤੀ | ਸੰਦੂਰ | ਅਹੀਰੀ | | |
| | ਪੁੱਤਰਾਂ ਦੇ ਨਾਮ | ਸੁਰਮਾਨੰਦ | ਭਾਸਕਰ | ਚੰਦ੍ਰ ਬਿੰਬ | ਮੰਗਲਨ[੨] | ਸਰਸਬਾਨ | ਬਿਨੋਦਾ | ਬਸੰਤ | ਕਮੋਦਾ |
| ਦੀਪਕ | ਇਸਤ੍ਰੀਆਂ ਦੇ ਨਾਮ | | ਕਛੇਲੀ | ਪਟਮੰਜਰੀ | ਟੋਡੀ | ਕਾਮੋਦੀ | ਗੂਜਰੀ | | |
| | ਪੁੱਤਰਾਂ ਦੇ ਨਾਮ | ਕਾਲੰਕਾ | ਕੁੰਤਲ | ਰਾਮਾ | ਕਮਲਕੁਸਮ | ਚੰਪਕ | ਗਉਰਾ | ਕਾਨਰਾ | ਕਲ੍ਯਾਨਾ |
| ਸ੍ਰੀ ਰਾਗੁ | ਇਸਤ੍ਰੀਆਂ ਦੇ ਨਾਮ | | ਬੈਰਾਰੀ | ਕਰਨਾਟੀ | ਗਵਰੀ | ਆਸਾਵਰੀ | ਸਿੰਧਵੀ | | |
| | ਪੁੱਤਰਾਂ ਦੇ ਨਾਮ | ਸਾਲੂ | ਸਾਰਗ | ਸਾਗਰਾ | ਗੋਂਡ | ਗੰਭੀਰ | ਗੁੰਡ | ਕੁੰਭ | ਹਮੀਰ |
| ਮੇਘ ਰਾਗ | ਇਸਤ੍ਰੀਆਂ ਦੇ ਨਾਮ | | ਸੋਰਠਿ | ਗੋਂਡ | ਮਲਾਰੀ | ਆਸਾ | ਸੂਹਉ | | |
| | ਪੁੱਤਰਾਂ ਦੇ ਨਾਮ | ਬੈਰਾਧਰ | ਗਜਧਰ | ਕੇਦਾਰਾ | ਜਬਲੀਧਰ | ਨਟ | ਜਲਧਾਰਾ | ਸੰਕਰ | ਸਿਆਮਾ |

੧. ਪਾਠਾਂਤ੍ਰ – ਮਾਰੂ ਮਸਤ, ਅੰਗ ਮੇਵਾਰਾ, ਪ੍ਰਬਲ ਚੰਡ। ੨. ਮੰਗਲਨ ਦੀ ਜਗ੍ਹਾ ਕਈ ਗਿਆਨੀ 'ਸਰਸ' ਨੂੰ ਗਿਣਦੇ ਹਨ।

ੴ ਸਤਿਗੁਰ ਪ੍ਰਸਾਦਿ ॥

## ਪ੍ਰਾਰਥਨਾ

ਇਹ ਚੁਰਾਸੀ, ੬ ਰਾਗ , ੩੦ ਰਾਗਣੀਆਂ , ੪੮ ਪੁੱਤ੍ਰ , ਸਾਰੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਉਣ ਸਮੇਂ ਉਤਸ਼ਾਹ ਨਾਲ ਆਪ ਗਾਏ ਸਨ , ਜਿਨ੍ਹਾਂ ਦਾ ਨਾਮ ਰਾਗਮਾਲਾ ਵਿਚ ਆਪ ਜੀ ਨੇ ਲਿਖਿਆ ਹੈ। ਰਾਗਮਾਲਾ ਪੜ੍ਹ ਕੇ ਮਹਾਰਾਜ ਜੀ ਨੇ ਸੰਪੂਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ ਅਤੇ ਆਗਿਆ ਕੀਤੀ ਜੋ ਰਾਗਮਾਲਾ ਪੜ੍ਹ ਕੇ ਭੋਗ ਪਾਵੇਗਾ ਉਹ ਚੁਰਾਸੀ ਲੱਖ ਜੂਨ ਦੇ ਗੇੜੇ ਵਿਚ ਨਹੀਂ ਆਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ੴ ਤੋਂ ਅਠਾਰਹ ਦਸ ਬੀਸ' ਤਕ ਆਪ ਲਿਖਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ 'ਤੇ ਸਦਾ ਵਾਸਤੇ ਬਿਰਾਜਮਾਨ ਕੀਤਾ, ਖ਼ਾਲਸਾ ਪੰਥ ਸੰਗਤ ਬਣਾਈ। ਸਤਿ ਸ੍ਰੀ ਅਕਾਲ।

## —ਉਥਾਨਕਾ—

ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਜਦ ਬਾਣੀ ਦੀ ਬੀੜ ਤਿਆਰ ਕਰ ਰਹੇ ਸਨ, ਆਪ ਜੀ ਨੇ ਮੁੰਦਾਵਣੀ ਲਿਖਵਾਈ। ਸੰਗਤਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਬਾਣੀ ਦਾ ਭੋਗ ਪਾ ਰਹੇ ਹੋ, ਸਾਨੂੰ ਪਰੇਮ ਰੂਪੀ ਮਾਲਾ ਬਖ਼ਸ਼ੋ ਜਿਸ ਕਰਕੇ ਅਸੀਂ ਆਪ ਜੀ ਦੀ ਆਗਿਆ ਅਨੁਸਾਰ ਚੁਰਾਸੀ ਦੇ ਚੱਕ੍ਰ ਵਿਚ ਆਉਣ ਜਾਣ ਤੋਂ ਬਚ ਜਾਈਏ। ਸਤਿਗੁਰਾਂ ਨੇ ਸਿੱਖਾਂ ਦੀ ਬੇਨਤੀ ਪ੍ਰਵਾਨ ਕਰਕੇ 'ਰਾਗਮਾਲਾ' ਰਚੀ।

ਨੋਟ : ਸਿੱਖਾਂ ਵਲੋਂ ਪ੍ਰਸ਼ਨ ਤੇ ਸਤਿਗੁਰਾਂ ਵਲੋਂ ਉੱਤਰ ਹਨ।

ੴ ਸਤਿਗੁਰ ਪ੍ਰਸਾਦਿ ॥

*ਪਦ ਅਰਥ:* ੧ — ਅਦ੍ਵੈਤ ਰੂਪ ਪ੍ਰਮੇਸ਼ਰ। ਓ — ਸਰਬ ਦਾ ਪ੍ਰਕਾਸ਼ਕ, ਉਚਾਰਨੇ ਮਾਤ੍ਰ ਸੇ ਰੱਖਿਆ ਕਰਨ ਵਾਲਾ। ਸਤਿ — ਤਿੰਨਾਂ ਕਾਲਾਂ ਵਿਚ ਨਾਸ ਹੋਣ ਤੋਂ ਰਹਿਤ। ਗੁਰ — ਅਗਿਆਨ ਦਾ ਨਾਸ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ, ਚੇਤਨ ਸਰੂਪ। ਪ੍ਰਸਾਦਿ — ਅਨੰਦ ਸਰੂਪ, ਕ੍ਰਿਪਾ ਦ੍ਰਿਸ਼ਟੀ ਕਰਨ ਵਾਲਾ।

*ਅਰਥ:* ਇਕ ਓਅੰਕਾਰ ਸਤਿਗੁਰੂ ਨਿਰੰਕਾਰ ਦੀ ਕ੍ਰਿਪਾ ਹੋਵੇ। ਵਾਹਿਗੁਰੂ ਜੀ ਸਹਾਇ।

ਰਾਗਮਾਲਾ ॥

*ਪਦ ਅਰਥ:* ਰਾਗ — ਪ੍ਰੇਮ। ਮਾਲਾ — ਪੰਗਤੀ।

*ਅਰਥ:* ਪ੍ਰੇਮ ਰੂਪੀ ਮਾਲਾ। ਜਿਸਦੀ ਪੰਗਤੀ-ਪੰਗਤੀ ਰੂਪ ਮਣਕੇ ਹਨ , ਪ੍ਰੇਮ ਰੂਪ ਸੂਤ ਹੈ, ਪੜ੍ਹਨਾ ਰੂਪ ਫੇਰਨੀ ਹੈ। ਜੋ ਭਾਵਨਾ ਸਹਿਤ ਪੜ੍ਹਦਾ-ਪੜ੍ਹਦਾ ਅੰਦਰ ਵਸਾ ਲੈਂਦਾ ਹੈ , ਉਹ ਚੁਰਾਸੀ ਦੇ ਗੇੜ ਵਿਚ ਆਉਣ ਜਾਣ ਤੋਂ ਬਚ ਜਾਂਦਾ ਹੈ।

ਪ੍ਰਸ਼ਨ ੧:

ਮਹਾਰਾਜ! ਪੰਜੇ ਗਿਆਨ ਇੰਦ੍ਰੀਆਂ ਸ੍ਰੇਸ਼ਟ ਕਿਵੇਂ ਹੋਣ ?

ਉੱਤਰ ੧:

ਰਾਗ ਏਕ ਸੰਗਿ ; ਪੰਚ ਬਰੰਗਨ ॥

*ਪਦ ਅਰਥ:* ਰਾਗ — ਪ੍ਰੇਮ। ਏਕ — ਅਦ੍ਵੈਤ ਵਾਹਿਗੁਰੂ। ਸੰਗਿ — ਨਾਲ।
ਪੰਚ — ਪੰਜ। ਬਰੰਗਨ ( ਬਰ + ਅੰਗਨ ) = ਸਰੇਸ਼ਟ ਨਾਰੀਆਂ, ਭਾਵ ਗਿਆਨ ਇੰਦ੍ਰੀਆਂ।

*ਅਰਥ:* ਇਕ ਵਾਹਿਗੁਰੂ ਨਾਲ ਪ੍ਰੇਮ ਲਾਉਣ ਕਰਕੇ ਪੰਜ ਗਿਆਨ ਇੰਦ੍ਰੀਆਂ ( ਰਸਨਾ , ਨੇਤ੍ਰ , ਤੁਚਾ , ਨੱਕ , ਕੰਨ ) ਸ੍ਰੇਸ਼ਟ ਹੋ ਜਾਂਦੀਆਂ ਹਨ।

*ਪ੍ਰਮਾਣ:* 'ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥
ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥
ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥੨॥'

*{ ਮਾਰੂ ਵਾਰ , ਮਃ ੧ , ਅੰਗ – ੧੦੯੧ }*

ਪ੍ਰਸ਼ਨ ੨:

ਇਕ ਵਾਹਿਗੁਰੂ ਨੂੰ ਕੌਣ ਆਖਦਾ ਹੈ ?

ਉੱਤਰ ੨:

ਸੰਗਿ ਅਲਾਪਹਿ ; ਆਠਉ ਨੰਦਨ ॥

*ਪਦ ਅਰਥ:* ਸੰਗਿ — ਸੰਗਤਿ। ਅਲਾਪਹਿ — ਉਚਾਰਦੀ ਹੈ। ਆਠਉ — ਅੱਠੇ ਪਹਿਰ। ਨੰਦਨ — ਪੁੱਤਰ ( ਜਗਤ )।

*ਅਰਥ:* ਸਤਿਸੰਗਤਿ ਅੱਠੇ ਪਹਿਰ ( ਉਸ ਅਕਾਲ ਨੂੰ ) ਜਿਸਦਾ ਜਗਤ ਪੁੱਤਰ ਹੈ , ਉਚਾਰਦੀ ਹੈ।

*ਪ੍ਰਮਾਣ:* 'ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ ॥'

*{ ਮਾਝ ਮਹਲਾ ੫ , ਦਿਨ ਰੈਣਿ , ਅੰਗ - ੧੩੭ }*

ਪ੍ਰਸ਼ਨ ੩:

ਪਹਿਲੇ ਪ੍ਰਮੇਸ਼ਰ ਨਾਲ ਪ੍ਰੇਮ ਕਿਵੇਂ ਕਰੀਦਾ ਹੈ ?

ਉੱਤਰ ੩:

ਪ੍ਰਥਮ ਰਾਗ ; ਭੈਰਉ ਵੈ ਕਰਹੀ ॥

*ਪਦ ਅਰਥ:* ਪ੍ਰਥਮ — ਪਹਿਲੇ। ਰਾਗ — ਪ੍ਰੇਮ। ਭੈਰਉ ( ਭੈ + ਰਉ ) = ਡਰ ਵਿਚ ਰਚ ਕੇ। ਵੈ — ਉਸ। ਕਰਹੀ — ਕਰੀਏ।

*ਅਰਥ:* ਪਹਿਲਾਂ ਭੈ ਵਿਚ ਰਚ ਕੇ ਉਸ ਹਰੀ ਨਾਲ ਪ੍ਰੇਮ ਕਰੀਏ।

*ਪ੍ਰਮਾਣ:* 'ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥'

*{ ਆਸਾ ਦੀ ਵਾਰ , ਮਃ ੧ , ਅੰਗ - ੪੬੫ }*

ਪ੍ਰਸ਼ਨ ੪:

ਹਰੀ ਨੂੰ ਕਿਵੇਂ ਉਚਾਰੀਏ ?

ਉੱਤਰ ੪:

ਪੰਚ ਰਾਗਨੀ ; ਸੰਗਿ ਉਚਰਹੀ ॥ ( ਉੱਚਰਹੀ ਬੋਲੋ )

*ਪਦ ਅਰਥ:* ਪੰਚ — ਸ੍ਰੇਸ਼ਟ। ਰਾਗਨੀ — ਪ੍ਰੀਤੀ। ਸੰਗਿ — ਨਾਲ।
ਉਚਰਹੀ — ਉਚਾਰੀਏ।

*ਅਰਥ:* ਸ੍ਰੇਸ਼ਟ ਪ੍ਰੀਤੀ ਨਾਲ ਹਰੀ ਨੂੰ ਉਚਾਰੀਏ।

*ਪ੍ਰਮਾਣ:* 'ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥'

*{ ਆਸਾ ਮਹਲਾ ੫ , ਅੰਗ – ੩੯੧ }*

ਪ੍ਰਸ਼ਨ ੫:

ਅਨੰਦ ਕਿਵੇਂ ਹੋਵੇ ?

ਉੱਤਰ ੫:

ਪ੍ਰਥਮ ; ਭੈਰਵੀ , ਬਿਲਾਵਲੀ ॥

*ਪਦ ਅਰਥ:* ਪ੍ਰਥਮ — ਆਦਿ। ਭੈਰਵੀ ( ਭੈ + ਰਵੀ ) = ਭੈ ਵਿਚ ਰਚੀਏ।
ਬਿਲਾਵਲੀ — ਅਨੰਦੀ।

*ਅਰਥ:* ਆਦਿ ( ਜਨਮ ) ਤੋਂ ਲੈ ਕੇ ਭੈ ਵਿਚ ਰਚੀਏ ਤਾਂ ( ਪ੍ਰਮੇਸ਼ਰ ਦੇ ) ਅਨੰਦ ਵਾਲੇ ਹੋਈਦਾ ਹੈ।

*ਪ੍ਰਮਾਣ:* ੧. 'ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥'

*{ ਰਾਮਕਲੀ ਮਹਲਾ ੩ ਅਨੰਦੁ , ਅੰਗ – ੯੧੭ }*

੨. 'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥'

*{ ਰਾਮਕਲੀ ਮਹਲਾ ੩ ਅਨੰਦੁ , ਅੰਗ – ੯੧੭ }*

ਪ੍ਰਸ਼ਨ ੬:

ਦ੍ਵੈਤ ਕਿਵੇਂ ਗਲਦੀ ਹੈ ?

ਉੱਤਰ ੬:

ਪੁੰਨਿਆਕੀ ਗਾਵਹਿ ; ਬੰਗਲੀ ॥

( 'ਗਾਵਹਿ' ਦੇਹਲੀ ਦੀਪਕ ਹੈ )

*ਪਦ ਅਰਥ:* ਪੁੰਨਿਆਕੀ — ਪੁੰਨਵਾਨਾਂ ਦੀ ਬੁੱਧੀ। ਬੰਗਲੀ ( ਬੰ + ਗਲੀ ) = ਦ੍ਵੈਤ ਗਲ ਗਈ ਹੈ।

*ਅਰਥ:* ਜਿਨ੍ਹਾਂ ਪੁੰਨਵਾਨਾਂ ਦੀ ਬੁੱਧੀ ਹਰੀ ਨੂੰ ਗਾਉਂਦੀ ਹੈ, ਤਿਨ੍ਹਾਂ ਦੀ ਦ੍ਵੈਤ ਗਲ ਗਈ ਹੈ।

*ਪ੍ਰਮਾਣ:* 'ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥'

*{ ਗਉੜੀ ਸੁਖਮਨੀ ਮਃ ੫ , ਅੰਗ – ੨੬੨ }*

ਪ੍ਰਸ਼ਨ ੭:

ਬਿਰਤੀ ਦਾ ਨਾਮ ਵਿਚ ਪ੍ਰਵਾਹ ਕਿਵੇਂ ਪਵੇ ?

ਉੱਤਰ ੭:

ਪੁਨਿ ਅਸਲੇਖੀ ਕੀ ; ਭਈ ਬਾਰੀ ॥

*ਪਦ ਅਰਥ:* ਪੁਨਿ — ਪਵਿੱਤਰ। ਅਸਲੇਖੀ ( ਅਸ + ਲੇਖੀ ) = ਸੁਧ ਸਰੂਪ , ਲਿਖਿਆ। ਕੀ — ਦੀ। ਬਾਰੀ — ਨਦੀ।

*ਅਰਥ:* ਜਿਨ੍ਹਾਂ ਨੇ ਗੁਰਾਂ ਦੁਆਰਾ ਸੁਧ ਸਰੂਪ ਨੂੰ ਰਿਦੇ ਵਿਚ ਲਿਖਿਆ ਹੈ, ਤਿਨ੍ਹਾਂ ਦੀ ਬਿਰਤੀ ਨਦੀ ਦੀ ਨਿਆਈਂ ਨਾਮ ਦੇ ਪ੍ਰਵਾਹ ਵਿਚ ਪਵਿੱਤਰ ਹੋ ਗਈ ਹੈ।

*ਪ੍ਰਮਾਣ:* ‘ਲੇਖਾ ਲਿਖੀਐ ਮਨ ਕੈ ਭਾਇ ॥’

*{ ਸਾਰੰਗ ਕੀ ਵਾਰ ਮ: ੪ , ਅੰਗ - ੧੨੩੭ }*

ਪ੍ਰਸ਼ਨ ੮:

ਮਨ ਦੀਆਂ ਬਿਰਤੀਆਂ ਅਧੀਨ ਕਿਵੇਂ ਹੋਣ ?

ਉੱਤਰ ੮:

ਏ ਭੈਰਉ ਕੀ ; ਪਾਚਉ ਨਾਰੀ ॥

*ਪਦ ਅਰਥ:* ਏ — ਇਸ ਤਰ੍ਹਾਂ। ਭੈਰਉ ( ਭੈ + ਰਉ ) = ਡਰ ਵਿਚ ਰਚ ਕੇ।
ਪਾਚਉ — ਪੰਜੇ। ਨਾਰੀ — ਬਿਰਤੀਆਂ ਰੂਪ ਇਸਤ੍ਰੀਆਂ।

*ਅਰਥ:* ਇਸ ਤਰ੍ਹਾਂ ਭੈ ਵਿਚ ਰਹਿਣ ਵਾਲਿਆਂ ਸਿੱਖਾਂ ਦੀਆਂ ਪੰਜੇ ( ਪ੍ਰਮਾਣ , ਵਿਪਰਜੇ , ਨਿੰਦ੍ਰਾ , ਸਿਮ੍ਰਤੀ , ਵਿਕਲਪ ) ਬਿਰਤੀਆਂ ਨਾਰੀ ਦੀ ਤਰ੍ਹਾਂ ਅਧੀਨ ਹੋ ਗਈਆਂ ਹਨ।

੧. ਪ੍ਰਮਾਣ :- ਦਿਸਣ ਵਾਲੇ ਪਦਾਰਥਾਂ ਵਿਚ ਮਨ ਦੀ ਬਿਰਤੀ ਦਾ ਲਗੱਣਾ।
੨. ਵਿਪਰਜੇ :- ਗੁਰੂ ਆਗਿਆ ਤੋਂ ਉਲਟ ਸੁਭਾਅ।
੩. ਨਿੰਦ੍ਰਾ :- ਨੀਂਦ , ਸੁਖੋਪਤ ਅਵਸਥਾ।
੪. ਸਿਮ੍ਰਤੀ :- ਪਿਛਲੇ ਕੀਤੇ ਕੰਮਾਂ ਦਾ ਚੇਤਾ।
੫. ਵਿਕਲਪ :- ਦੂਜੀ ਕਲਪਨਾ , ਭਾਵ ਕਮਾਈ ਥੋੜ੍ਹੀ ਤੇ ਫਲ ਦੀ ਇੱਛਾ ਬਹੁਤੀ।

ਇਹ ਮਨ ਦੀਆਂ ਪੰਜ ਬਿਰਤੀਆਂ ਨਾਰੀ ਦੀ ਨਿਆਈਂ ਅਧੀਨ ਹੋ ਗਈਆਂ ਹਨ।

*ਪ੍ਰਮਾਣ:* ‘ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥’

*{ ਸੋਰਠਿ ਵਾਰ , ਮਃ ੩ , ਅੰਗ - ੬੪੫ }*

ਪ੍ਰਸ਼ਨ ੯:

ਪੰਜਾਂ ਤੱਤਾਂ ਦੀ ਧਾਰਨਾ ਕਹੋ ?

ਉੱਤਰ ੯:

ਪੰਚਮ ਹਰਖ ; ਦਿਸਾਖ ਸੁਨਾਵਹਿ ॥

*ਪਦ ਅਰਥ:* ਪੰਚਮ ( ਪੰਚ + ਮ ) = ਪੰਜ ਤੱਤ ਮੈ। ਹਰਖਦਿ — ਅਨੰਦਾਇਕ।
ਸਾਖ — ਸਾਖੀ।

*ਅਰਥ:* ਪੰਜਾਂ ਤੱਤਾਂ ਦੀ ਧਾਰਨਾ ( ਪਾਣੀ ਦੀ ਨਿਆਈਂ ਨਿਰਮਲ , ਧਰਤੀ ਦੀ ਤਰ੍ਹਾਂ ਖਿਮਾ , ਪਉਣ ਦੀ ਤਰ੍ਹਾਂ ਨਿਰਲੇਪ , ਅਗਨ ਦੀ ਤਰ੍ਹਾਂ ਪ੍ਰਕਾਸ਼ਵਾਨ , ਅਕਾਸ਼ ਦੀ ਨਿਆਈਂ ਨਿਰਖੋਭਤਾ ) ਅਫੁਰ ਰੂਪ ਅਨੰਦਾਇਕ ਸਾਖੀ ਚੇਤਨ ਕੋ ਸੁਣਾਂਵਦੇ ਹੈਂ।

*ਪ੍ਰਮਾਣ:* ‘ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ ॥’

*{ ਮਾਰੂ ਮਹਲਾ ੫ , ਅੰਗ – ੯੯੯ }*

*ਅਥਵਾ:* ਮਾਰੂ ਮਹਲਾ ੫ ॥

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥
ਮਨ ਮੇਰੇ ਰਾਮ ਰਉ ਨਿਤ ਨੀਤਿ ॥
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ ॥
ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥
ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥
ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥
ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥
ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥
ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥
ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥
ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥
ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥
ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥

ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥
ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥
ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥

*{ ਅੰਗ – ੧੦੧੭ }*

ਪ੍ਰਸ਼ਨ ੧੦:

ਮਾਇਆ ਦੇ ਪਤੀ ਨੂੰ ਰਿਦੇ ਵਿਚ ਕਿਵੇਂ ਗਾਵੇ ?

ਉੱਤਰ ੧੦:

ਬੰਗਾਲਮ ਮਧੁ ਮਾਧਵ ; ਗਾਵਹਿ ॥੧॥

*ਪਦ ਅਰਥ:* ਬੰਗਾਲਮ ( ਬੰ + ਗਾਲ + ਮ ) = ਬੰ — ਦ੍ਵੈਤ। ਗਾਲ — ਗਾਲ ਕੇ।
ਮ — ਵਿਚ। ਮਧੁ — ਹਿਰਦੇ। ਮਾਧਵ — ਮਾਇਆ ਦਾ ਪਤੀ।

*ਅਰਥ:* ਗੁਰਮੁਖ ਦ੍ਵੈਤ ਨੂੰ ਗਾਲ ਕੇ ਰਿਦੇ ਵਿਚ ਮਾਇਆ ਦੇ ਪਤੀ ਨੂੰ ਗਾਉਂਦੇ ਹਨ।

*ਪ੍ਰਮਾਣ:* 'ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥'

*{ ਧਨਾਸਰੀ ਮਹਲਾ ੩ , ਅੰਗ – ੬੬੩ }*

ਪ੍ਰਸ਼ਨ ੧੧:

ਪ੍ਰਮੇਸ਼ਰ ਫਲ ਪ੍ਰਦਾਤਾ ਹੈ , ਕਿਵੇਂ ਜਾਣੀਏ ?

ਉੱਤਰ ੧੧:

ਲਲਤ ਬਿਲਾਵਲ ਗਾਵਹੀ ; ਅਪੁਨੀ ਅਪੁਨੀ ਭਾਂਤਿ ॥

*ਪਦ ਅਰਥ:* ਲਲਤ — ਸੁੰਦਰ। ਬਿਲਾਵਲ — ਅਨੰਦ। ਅਪੁਨੀ ਅਪੁਨੀ — ਆਪਣੇ ਆਪਣੇ ਅਧਿਕਾਰ ਪੂਰਬਕ। ਭਾਂਤਿ — ਤਰ੍ਹਾਂ , ਵਜ੍ਹਾ।

*ਅਰਥ:* ਸੁੰਦਰ ਪ੍ਰਮੇਸ਼ਰ ਨੂੰ ਅਨੰਦ ਸਹਿਤ ਗਾਉਂਦੇ ਹਨ , ਕਰਮ ਕਾਂਡੀ ਆਪਣੇ ਕਰਮ ਫਲ ਪ੍ਰਦਾਤਾ ਰੂਪ ਤਰ੍ਹਾਂ ਨਾਲ , ਭਗਤ ਭਗਤੀ ਦੀ ਤਰ੍ਹਾਂ ਨਾਲ ਅਤੇ ਗਿਆਨੀ ਬਿਰਤੀ ਦਾ ਪ੍ਰਕਾਸ਼ਕ ਜਾਣ ਕੇ , ਇਉਂ ਜਾਣੀਏ।

*ਪ੍ਰਮਾਣ:* 'ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥'
*{ ਧਨਾਸਰੀ ਮਹਲਾ ੪ , ਅੰਗ – ੬੬੯ }*

ਪ੍ਰਸ਼ਨ ੧੨:

ਅਧਿਕਾਰੀ ਕੌਣ ਹੈ ?

ਉੱਤਰ ੧੨:

ਅਸਟ ਪੁਤ੍ਰ ਭੈਰਵ ਕੇ ; ਗਾਵਹਿ ਗਾਇਨ ਪਾਤ੍ਰ ॥੧॥

*ਪਦ ਅਰਥ:* ਅਸਟ — ਅੱਠ। ਪੁਤ੍ਰ — ਅਧੀਨ। ਭੈਰਵ ( ਭੈ + ਰਵ ) = ਭੈ ਵਿਚ ਰਚ ਕੇ।

*ਅਰਥ:* ਜਿਨ੍ਹਾਂ ( ਸੰਤਾਂ ) ਦੇ ਪੰਜ ਵਿਕਾਰ ਤੇ ਤਿੰਨ ਗੁਣ ( ਕਾਮ , ਕ੍ਰੋਧ , ਲੋਭ , ਮੋਹ , ਹੰਕਾਰ , ਰਜੋ , ਸਤੋ , ਤਮੋ ) ਇਹ ਅੱਠੇ ਅਧੀਨ ਹੋ ਗਏ , ਉਹ ਭੈ ਵਿਚ ਰਚ ਕੇ ਗਾਉਣ ਯੋਗ ਪ੍ਰਮੇਸ਼ਰ ਨੂੰ ਗਾ ਕੇ ਅਧਿਕਾਰੀ ਹੋਏ ਹਨ।

*ਪ੍ਰਮਾਣ:* ੧. 'ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥'

*{ ਸਲੋਕ ਕਬੀਰ ਜੀ , ਅੰਗ - ੧੩੬੬ }*

੨. 'ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥'

*{ ਗਉੜੀ ਥਿਤੰੀ ਕਬੀਰ ਜੀ ਕੀ , ਅੰਗ - ੩੪੩ }*

## ਪ੍ਰਸ਼ਨ ੧੩:

ਸ਼ੰਕਾ ਕਿਵੇਂ ਮਿਟੇ ?

## ਉੱਤਰ ੧੩:

ਦੁਤੀਆ ; ਮਾਲਕਉਸਕ ਆਲਾਪਹਿ ॥

*ਪਦ ਅਰਥ:* ਦੁਤੀਆ — ਦ੍ਵੈਤ। ਮਾਲ — ਮਲ ਕੇ।
ਕਉਸਕ ( ਕਉ + ਸਕ ) = ਕਉ — ਕਿਉਂ , ਸਕ — ਸ਼ੰਕਾ।

*ਅਰਥ:* ਜੋ ਦ੍ਵੈਤ ਨੂੰ ਮਲ ਦਿੰਦੇ ਹਨ , ਉਹ ਕਿਸ ਵਾਸਤੇ ਸ਼ੰਕਾ ਉਚਾਰਨ , ਭਾਵ ਕੋਈ ਵੀ ਸ਼ੰਕਾ ਨਹੀਂ ਰਹਿੰਦੀ।

*ਪ੍ਰਮਾਣ:* 'ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥'

*{ ਗਉੜੀ ਥਿਤੰੀ ਕਬੀਰ ਜੀ , ਅੰਗ - ੩੪੩ }*

ਪ੍ਰਸ਼ਨ ੧੪:

ਕਰਮ ਇੰਦ੍ਰੀਆਂ ਕਿਵੇਂ ਰੁਕਣ ?

ਉੱਤਰ ੧੪:

ਸੰਗਿ ਰਾਗਨੀ ; ਪਾਚਉ ਥਾਪਹਿ ॥

*ਪਦ ਅਰਥ:* ਸੰਗਿ — ਨਾਲ। ਰਾਗਨੀ — ਪ੍ਰੀਤੀ। ਪਾਚਉ — ਪੰਜ ਕਰਮ ਇੰਦ੍ਰੀਆਂ।
ਥਾਪਹਿ — ਰੋਕਣਾ , ਇਸਥਿਤ।

*ਅਰਥ:* ਪੰਜ ਕਰਮ ਇੰਦ੍ਰੀਆਂ ਨੂੰ ਪ੍ਰੀਤੀ ਦੇ ਨਾਲ ( ਗੁਰਮੁਖ ) ਰੋਕਦੇ ਹਨ।

*ਪ੍ਰਮਾਣ:* 'ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥ ਪਾਪੁ ਪੁੰਨੁ ਦੋਊ ਨਿਰਵਰਈ ॥੨੭॥'
*{ ਗਉੜੀ ਬਾਵਨ ਅਖਰੀ ਕਬੀਰ ਜੀ , ਅੰਗ - ੩੪੧ }*

ਪ੍ਰਸ਼ਨ ੧੫:

ਭਗਤੀ ਦੀ ਸੁਗੰਧੀ ਕਿਵੇਂ ਆਵੇ ?

ਉੱਤਰ ੧੫:

ਗੋਂਡਕਰੀ ; ਅਰੁ ਦੇਵਗੰਧਾਰੀ ॥

*ਪਦ ਅਰਥ:* ਗੋਂਡ — ਵਿਚਾਰ। ਕਰੀ — ਕਰਦੇ। ਦੇਵ — ਪ੍ਰਕਾਸ਼।
ਗੰਧਾਰੀ — ਸੁਗੰਧੀ।

*ਅਰਥ:* ਜੋ ਵਿਚਾਰ ਕਰਦੇ ਹਨ , ਉਹ ਬਹੁੜੋ ਪ੍ਰਕਾਸ਼ ਸਰੂਪ ਦੀ ( ਭਗਤੀ ਰੂਪ ) ਸੁਗੰਧੀ ਵਾਲੇ ਹਨ।

*ਪ੍ਰਮਾਣ:* ੧. 'ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥'

*{ ਸਿਰੀ ਰਾਗੁ ਮਹਲਾ ੩ , ਅੰਗ - ੬੮ }*

੨. 'ਨਾਮੈ ਸੁਰਤਿ ਵਜੀ ਹੈ ਦਹਦਿਸਿ ਹਰਿ ਮੁਸਕੀ ਮੁਸਕ ਗੰਧਾਰੇ ॥'

*{ ਨਟ ਅਸਟਪਦੀਆ ਮਹਲਾ ੪ , ਅੰਗ - ੯੮੧ }*

ਪ੍ਰਸ਼ਨ ੧੬:

ਗਿਆਨ ਦਾ ਕਥਨ ਕਹੋ ?

ਉੱਤਰ ੧੬:

ਗੰਧਾਰੀ ਸੀਹੁਤੀ ; ਉਚਾਰੀ ॥

*ਪਦ ਅਰਥ:* ਗੰਧਾਰੀ ( ਗੰਧ + ਆਰੀ ) = ਦੁਰਗੰਧ ਵੈਰੀ।
ਸੀਹੁਤੀ ( ਸੀ + ਹੁਤੀ ) = ਹੁੰਦੀ ਸੀ।

*ਅਰਥ:* ਜੋ ( ਗਿਆਨ ) ਵਿਸ਼ੇ ਦੁਰਗੰਧ ਦਾ ਵੈਰੀ ਹੈ , ਸੰਤਾਂ ਦੀ ( ਬੁੱਧੀ ) ਤਿਸ ਨੂੰ ਉਚਾਰਦੀ ਹੁੰਦੀ ਸੀ , ਉਚਾਰਦੀ ਹੈ ਤੇ ਉਚਾਰੇਗੀ।

*ਪ੍ਰਮਾਣ:* ੧. 'ਕਥੀਐ ਸੰਤ ਸੰਗਿ ਪ੍ਰਭ ਗਿਆਨੁ ॥'

*{ ਕਾਨੜਾ ਮਹਲਾ ੫ , ਅੰਗ - ੧੩੦੦ }*

੨. 'ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥'

*{ ਗਉੜੀ ਸੁਖਮਨੀ ਮਃ ੫ , ਅੰਗ – ੨੯੩ }*

ਪ੍ਰਸ਼ਨ ੧੭:

ਬੁੱਧੀ ਪਦਾਰਥਾਂ ਦੀ ਤ੍ਰਿਸ਼ਨਾ ਤੋਂ ਕਿਵੇਂ ਰਹਿਤ ਹੋਵੇ ?

ਉੱਤਰ ੧੭:

ਧਨਾਸਰੀ ; ਏ ਪਾਚਉ ਗਾਈ ॥

*ਪਦ ਅਰਥ:* ਧਨਾਸਰੀ ( ਧਨ + ਆਸਰੀ ) = ਧਨ ਦੇ ਆਸ਼੍ਰਿਤ।
ਪਾਚਉ — ਪਚਾਇ , ਨਾਸ। ਗਾਈ — ਗਾ ਕੇ।

*ਅਰਥ:* ਪਦਾਰਥਾਂ ਦੇ ਆਸ਼੍ਰਿਤ ਤ੍ਰਿਸ਼ਨਾਲੂ ਬੁੱਧੀ ਸਤਿਨਾਮੁ ਨੂੰ ਗਾ ਕੇ ਨਾਸ਼ ਕਰ ਦਿੱਤੀ ਹੈ।

*ਪ੍ਰਮਾਣ:* 'ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥'

*{ ਧਨਾਸਰੀ ਮਹਲਾ ੫ , ਅੰਗ – ੬੮੨ }*

ਪ੍ਰਸ਼ਨ ੧੮:

ਮਾਇਆ ਦੇ ਮੋਹ ਦੀ ਨਵਿਰਤੀ ਕਹੋ ?

ਉੱਤਰ ੧੮:

ਮਾਲ ਰਾਗ ; ਕਉਸਕ ਸੰਗਿ ਲਾਈ ॥

*ਪਦ ਅਰਥ:* ਮਾਲ — ਹਾਥੀ ਘੋੜੇ ਆਦਿ। ਰਾਗ — ਮੋਹ। ਲਾਈ — ਲਾਹ ਦਿੱਤੀ।
ਸੰਗਿ — ਸਾਥ। ਕਉਸਕ ( ਕਉ + ਸਕ ) = ਕਉ — ਕੀ।
ਸਕ — ਸ਼ੰਕਾ।

*ਅਰਥ:* ( ਗੁਰਮੁਖਾਂ ਨੇ ) ਮਾਇਆ ਦੇ ਮਾਲ ਦੇ ਮੋਹ ਦੀ ਸ਼ੰਕਾ ਸਾਥ ਹੀ ਲਾਹ ਦਿੱਤੀ ਹੈ। ਭਾਵ ਪਦਾਰਥ ਸਤ ਨਹੀਂ ਹੈ।

*ਪ੍ਰਮਾਣ:* 'ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥'
*{ ਬਿਲਾਵਲੁ ਕਬੀਰ ਜੀ , ਅੰਗ - ੮੫੭ }*

ਪ੍ਰਸ਼ਨ ੧੯:

ਮਨ ਮਸਤ ਕਿਵੇਂ ਹੋਵੇ ?

ਉੱਤਰ ੧੯:

ਮਾਰੂ ਮਸਤਅੰਗ ; ਮੇਵਾਰਾ ॥

*ਪਦ ਅਰਥ:* ਮਾਰੂ — ਮਾਰ ਕੇ। ਮਸਤ — ਬੇਪਰਵਾਹ , ਅੰਗ — ਪਿਆਰਾ।
ਮੇ — ਵਿਚ ਰਿਦਾ। ਵਾਰਾ — ਵਰਜ ਕੇ।

*ਅਰਥ:* ਮਨ ਨੂੰ ਵਿਸ਼ਿਆਂ ਵਲੋਂ ਵਰਜ ਕੇ , ਵਾਸ਼ਨਾਂ ਨੂੰ ਮਾਰ ਕੇ ਰਿਦੇ ਵਿਚ ਪਿਆਰੇ ਵਾਹਿਗੁਰੂ ਨਾਲ ਮਿਲ ਕੇ ਮਸਤ — ਬੇਪਰਵਾਹ ਹੋ ਗਏ।

*ਪ੍ਰਮਾਣ:* 'ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥'

*{ ਆਸਾ ਮਹਲਾ ੫ , ਅੰਗ – ੩੭੭ }*

ਪ੍ਰਸ਼ਨ ੨੦:

ਅਪ੍ਰੋਖ ਗਿਆਨ ਦਾ ਫਲ ਕਥਨ ਕਰੋ ?

ਉੱਤਰ ੨੦:

ਪ੍ਰਬਲਚੰਡ ; ਕਉਸਕ ਉਭਾਰਾ ॥

*ਪਦ ਅਰਥ:* ਪ੍ਰਬਲ — ਵਿਸ਼ੇਸ਼ ਬਲ ਵਾਲੇ। ਚੰਡ — ਤਿੱਖੇ।
ਕਉ — ਕੌਣ , ਸਕ — ਸ਼ੰਕਾ। ਉਭਾਰਾ — ਉਠਾਲਨਾ।

*ਅਰਥ:* ਵਿਸ਼ੇਸ਼ ਬਲ ਵਾਲੇ ਤਿੱਖੇ ਗੁਰ ਗਿਆਨ ਹੋਣ ਕਰਕੇ ਕੌਣ ਸ਼ੰਕਾ ਨੂੰ ਉਠਾਲ ਸਕਦਾ ਹੈ ? ਭਾਵ ਕਥਨ ਕਰਨ ਦੀ ਸੋਝੀ ਨਹੀਂ ਰਹਿੰਦੀ।

*ਪ੍ਰਮਾਣ:* ੧. 'ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥'

*{ ਜਪੁ ਜੀ ਸਾਹਿਬ , ਅੰਗ – ੭ }*

੨. 'ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ॥
ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥'

*{ ਰਾਮਕਲੀ ਮਹਲਾ ੫ , ਅੰਗ – ੮੮੩ }*

ਪ੍ਰਸ਼ਨ ੨੧:

ਵਿਸ਼ਿਆਂ ਦੀ ਨਵਿਰਤੀ ਕਿਸਦੀ ਹੋਈ ਹੈ ?

ਉੱਤਰ ੨੧:

ਖਉਖਟ ; ਅਉ ਭਉਰਾਨਦ ਗਾਏ ॥

*ਪਦ ਅਰਥ:* ਖਉ — ਨਾਸ। ਖਟ — ਛੇ , ਪੰਜ ਵਿਸ਼ੇ :- ਸ਼ਬਦ , ਸਪਰਸ਼ , ਰੂਪ , ਰਸ , ਗੰਧ ਤੇ ਛੇਵਾਂ ਮਨ। ਭਉਰਾਨਦ ( ਭਉਰ + ਆਨਦ ) = ਭਉਰ — ਜਗਿਆਸੂ , ਆਨਦ — ਅਨੰਦ। ਅਉ — ਫੇਰ। ਗਾਏ — ਕਥਨ।

*ਅਰਥ:* ਗੁਰਮੁਖਾਂ ਨੇ ਪੰਜ ਵਿਸ਼ੇ ਤੇ ਛੇਵਾਂ ਮਨ ਨਾਸ ਕੀਤਾ ਹੈ। ਜਗਿਆਸੂਆਂ ਦੇ ਤਾਈਂ ਅਨੰਦ ਸਰੂਪ ਦਾ ਕਥਨ ਕਰਦੇ ਹਨ।

*ਪ੍ਰਮਾਣ:* 'ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥'

*{ ਬਸੰਤੁ ਮਹਲਾ ੯ , ਅੰਗ – ੧੧੮੬ }*

ਪ੍ਰਸ਼ਨ ੨੨:

ਗੁਣਾਂ ਦੀ ਪ੍ਰਾਪਤੀ ਕਿਵੇਂ ਹੋਵੇ ?

ਉੱਤਰ ੨੨:

ਅਸਟ ; ਮਾਲਕਉਸਕ ਸੰਗਿ ਲਾਏ ॥੧॥

*ਪਦ ਅਰਥ:* ਅਸਟ — ਅੱਠ :- ਸਤ , ਸੰਤੋਖ , ਦਇਆ , ਧਰਮ , ਵਿਚਾਰ ,
( ਅਸਤੀ ) ਸਤ , ( ਭ੍ਰਾਂਤੀ ) ਚੇਤਨ , ( ਪ੍ਰੇਯਤਾ ) ਅਨੰਦ।
ਕਉਸਕ ( ਕਉ + ਸਕ ) = ਕਉ — ਕਿਉਂ , ਸਕ — ਸ਼ੰਕਾ।
ਲਾਏ — ਲਿਆਉਂਦੇ ਹੋ।

*ਅਰਥ:* ਇਨ੍ਹਾਂ ਅੱਠਾਂ ਗੁਣਾਂ ਨੂੰ ਜਿਨ੍ਹਾਂ ਨੇ ਆਪਣਾ ਮਾਲ ਬਣਾਇਆ ਹੈ , ਤਿਨ੍ਹਾਂ ਨਾਲ ਮਿਲਣ ਦੀ ਕਿਉਂ ਸ਼ੰਕਾ ਲਿਆਉਂਦੇ ਹੋ , ਭਾਵ ਸ਼ੰਕਾ ਤੋਂ ਰਹਿਤ ਹੋ ਕੇ ਮਿਲੋ।

*ਪ੍ਰਮਾਣ:* 'ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ ॥
ਗੁਨ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੁਖੁ ਮਿਟਾਇ ॥'
*{ ਆਸਾ ਮਹਲਾ ੫ , ਅੰਗ – ੩੭੮ }*

ਪ੍ਰਸ਼ਨ ੨੩:

ਹਉਮੈ ਕਿਸ ਪ੍ਰਕਾਰ ਮਿਟਦੀ ਹੈ ?

## ਉੱਤਰ ੨੩:

**ਪੁਨਿ ਆਇਅਉ ਹਿੰਡੋਲੁ ; ਪੰਚ ਨਾਰਿ , ਸੰਗਿ ਅਸਟ ਸੁਤ ॥**

*ਪਦ ਅਰਥ:* ਪੁਨਿ — ਪਵਿੱਤਰ ਨਾਮ। ਆਇਅਉ — ਆਇਆ ਹੈ।
ਹਿੰਡੋਲੁ ( ਹਿੰ + ਡੋਲੁ ) = ਹੰਗਤਾ ਡੋਲ ਗਈ ਹੈ।
ਸੰਗਿ — ਸੰਗੀ ( ਸਰੀਰ )।

*ਅਰਥ:* ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਵਿਚ ਪਵਿੱਤਰ ਨਾਮ ਆਇਆ ਹੈ। ਉਨ੍ਹਾਂ ਦੀ ਹੰਗਤਾ ਡੋਲ ਗਈ ਹੈ ਅਤੇ ਪੰਜਾਂ ਕੋਸ਼ਾਂ ਦੀ ਵਿਚਾਰ ਨਾਲ ਜੋ ਸੰਗੀ ਸਰੀਰ ਮੰਨਿਆ ਸੀ ਅੱਠਾਂ ਧਾਤਾਂ ਦਾ , ਉਸ ਦਾ ਵੀ ਮਾਣ ਸੂਤ ਦਿੱਤਾ ਹੈ।

### *ਪੰਜ ਕੋਸ਼ ః*

ਸਥੂਲ ਸਰੀਰ ਵਿਚ :-

੧. ਅੰਨਮਯ ਕੋਸ਼ :- ਅੰਨ ਨਾਲ ਚੱਲਣ ਵਾਲਾ ਸਥੂਲ ਸਰੀਰ। ਕੋਸ਼ - ਪੜਦਾ , ਮਿਆਨ ਦਾ ਨਾਮ ਹੈ।

ਸੂਖਮ ਸਰੀਰ ਵਿਚ ਤਿੰਨ ਕੋਸ਼ ਹਨ :-

੨. ਪ੍ਰਾਣਮਯ ਕੋਸ਼ :- ਪੰਜੇ ਪ੍ਰਾਣ ਰੂਪ = ਪ੍ਰਾਣ , ਅਪਾਨ , ਸਮਾਨ , ਬਿਆਨ , ਉਦਿਆਨ।

੩. ਮਨੋਮਯ ਕੋਸ਼ :- ਪੰਜ ਕਰਮ ਇੰਦਰੇ , ਛੇਵਾਂ ਮਨ।

੪. ਵਿਗਯਾਨਮਯ ਕੋਸ਼ :- ਪੰਜ ਗਿਆਨ ਇੰਦਰੇ , ਛੇਵੀਂ ਬੁੱਧੀ।

ਕਾਰਨ ਸਰੀਰ ਵਿਚ :-

੫. ਅਨੰਦਮਯ ਕੋਸ਼ :- ਸੁਖੋਪਤ ਅਵਸਥਾ ਦਾ ਜੋ ਅਨੰਦ ਹੈ , ਇਹ ਅਨੰਦਮਯ ਕੋਸ਼ ਹੈ।

*ਅਸ਼ਟ ਧਾਤ ॰*

੧. ਅਸਤ ੨. ਮਿੱਝ ੩. ਲਹੂ ੪. ਚਮੜੀ ੫. ਮਾਸ ੬. ਰਸ
੭. ਬੀਰਜ ੮. ਬਲ ਵਾ :- ਨਾੜੀਆਂ।

*ਅਥਵਾ:* ਪੰਚ ਨਾਰਿ ਸੰਗਿ — ਇਨ੍ਹਾਂ ਪੰਜ ਕੋਸ਼ਾਂ ਤੋਂ ਵਾਹਿਗੁਰੂ ਨਿਆਰਾ ਹੈ , ਉਸ ਨੂੰ ਨਾਲ ਸੰਗਿ — ਨਾਲ ਜਾਣਿਆ ਹੈ , ਅੱਠਾਂ ਧਾਤਾਂ ਦੇ ਬਣੇ ਹੋਏ ਸਰੀਰ ਦੇ ਮਾਣ ਨੂੰ ਸੂਤ ਕੇ।

*ਪਦ ਅਰਥ:* ਪੰਚ ਨਾਰਿ — ਪੰਜ ਨਾਰੀਆਂ — ਪੰਜ ਅਵਸਥਾ :- ਖੇਚਰੀ , ਭੂਚਰੀ , ਚਰਚਰੀ , ਅਗੋਚਰੀ , ਉਨਮਨੀ। ਅਸਟ ਸੁਤ — ਪ੍ਰਾਣ , ਬਿਆਨ , ਸਮਾਨ , ਅਪਾਨ , ਉਦਿਆਨ , ਇੜਾ , ਪਿੰਗਲਾ ਤੇ ਸੁਖਮਨਾ , ਇਹ ਅੱਠੇ ਸੁਤ — ( ਸੂਤ ) ਠੀਕ , ਵਸ।

*ਅਰਥ:* ਜਿਨ੍ਹਾਂ ਦੇ ਰਿਦੇ ਵਿਚ ਪਵਿੱਤਰ ਨਾਮ ਆਇਆ ਹੈ , ਇਹ ਪੰਜੇ ਅਵਸਥਾ ਉਨ੍ਹਾਂ ਦੇ ਨਾਲ ਹਨ। ਪ੍ਰਾਣ ਆਦਿਕ ਇਹ ਅੱਠੇ ਵਸ ਹੋ ਗਏ ਹਨ ਅਤੇ ਹੰਗਤਾ ਡੋਲ ਗਈ ਹੈ।

*ਜੋਗ ਮਤ ਦੁਆਰਾ ॰*

ਪੰਜ ਅਵਸਥਾ :-

੧. ਖੇਚਰੀ :- ਤਾਲੂ ਨਾਲ ਜ਼ਬਾਨ ਲਾਉਣੀ , ਵਾ :- ਸਿੱਧੀ ਦੇ ਬਲ ਨਾਲ ਅਕਾਸ਼ 'ਚ ਵਿਚਰਨਾ।

੨. ਭੂਚਰੀ :- ਭਰਵੱਟਿਆਂ ਵਿਚ ਦ੍ਰਿਸ਼ਟੀ ਟਿਕਾਉਣੀ , ਵਾ ਧਰਤੀ ਵਿਚ ਵਿਚਰਨਾ।

੩. ਚਰਚਰੀ :- ਤ੍ਰਿਕੁਟੀ ਵਿਚ ਟਿਕਣਾ , ਵਾ :- ਹਵਾ ਰੂਪ ਹੋ ਜਾਣਾ।

੪. ਅਗੋਚਰੀ :- ਦਸਮ ਦੁਆਰ ਵਿਚ ਸਹੰਸਰ ਦਲ ਕਵਲ ਵੇਖਣਾ , ਵਾ :- ਪਾਣੀ ਵਿਚ ਅਲੋਪ ਹੋ ਜਾਣਾ।

੫. ਉਨਮਨੀ :- ਬ੍ਰਹਮ ਰੁੰਧਰ ਨਾੜੀ ਵਿਚ ਜੋਗੀ ਦਾ ਇਸਥਿਤ ਹੋ ਕੇ ਤਾਲੂ ਦੁਆਰਾ ਪ੍ਰਾਣ ਨਿਕਾਲਣ ਦੇ ਸ਼ਕਤੀਵਾਨ ਹੋਣਾ , ਵਾ :- ਪੰਜਾਂ ਤੱਤਾਂ ਵਿਚ ਸਿੱਧੀ ਦੇ ਬਲ ਨਾਲ ਤੱਤ ਰੂਪ ਹੋ ਜਾਣਾ। ਪਰ ਸੂਖ਼ਮ ਸਰੀਰ ਸਹਿਤ ਕਾਰਨ ਅਵਿਦਿਆ ਦੇਹ ਬਣੀ ਰਹਿੰਦੀ ਹੈ , ਸਿੱਧੀ ਦੇ ਬਲ ਨਾਲ ਦੇਹ ਪਲਟ ਲੈਂਦਾ ਹੈ , ਇਹ ਜੋਗ ਮਾਰਗ ਹੈ।

ਅਸਟ ਸੁਤ :-

੧. ਪ੍ਰਾਣ :- ਜੋ ਰਿਦੇ ਅਸਥਾਨ ਵਿਖੇ ਰਹਿੰਦੇ ਹਨ।

੨. ਬਿਆਨ :- ਸਾਰੇ ਸਰੀਰ ਵਿਖੇ।

੩. ਸਮਾਨ :- ਨਾਭੀ ਵਿਚ।

੪. ਅਪਾਨ :- ਗੁਦਾ ਵਿਚ।

੫. ਉਦਿਆਨ :- ਜੋ ਕੰਠ ਵਿਚ ਰਹਿੰਦੇ ਹਨ।

੬. ਇੜਾ :- ਖੱਬੀ ਸੁਰ ਚੰਦ੍ਰਮਾ ਦੀ।

੭. ਪਿੰਗਲਾ :- ਸੱਜੀ ਸੁਰ ਸੂਰਜ ਦੀ।

੮. ਸੁਖ਼ਮਨਾ :- ਇੜਾ ਪਿੰਗਲਾ ਸੁਖਮਨਾ ਦੀ ਏਕਤਾ। ਤ੍ਰਿਕੁਟੀ ਵਿਚ ਪ੍ਰਾਣ ਠਹਿਰਾਉਣ ਦੀ ਜਗ੍ਹਾ ਦਾ ਨਾਮ ਸੁਖਮਨਾ ਹੈ।
ਹਉਮੈ ਦੇ ਮਿਟਣ ਕਰਕੇ ਇਹ ਪੰਜ ਤੇ ਠੀਕ ਹੋ ਜਾਂਦੇ ਹਨ।

*ਗੁਰਮਤਿ ਦੁਆਰਾ ః*

ਪੰਜ ਅਵਸਥਾ :-

੧. ਖੇਚਰੀ :- ਖੇ = ਚਿਦਾਕਾਸ 'ਚ ਚਰੀ = ਵਿਚਰਨ ਵਾਲੇ ਹੋਣਾ।

੨. ਭੂਚਰੀ :- ਭੂਮਾ ਰੂਪ ਬ੍ਰਹਮ ਵਿਖੇ ਬਿਰਤੀ ਦਾ ਵਿਚਰਨਾ।

੩. ਚਾਚਰੀ :- ਪ੍ਰਮੇਸ਼ਰ ਦੇ ਚਾ = ਉਤਸ਼ਾਹ ਵਿਚ ਬਿਰਤੀ ਚੜ੍ਹੀ ਰਹਿਣੀ।

੪. ਅਗੋਚਰੀ :- ਇੰਦ੍ਰੀਆਂ ਦੇ ਅਵਿਸ਼ੇ ਪਦ ਦੀ ਪ੍ਰਾਪਤੀ।

੫. ਉਨਮਨੀ :- ਤੁਰੀਆ ਅਵਸਥਾ।

ਅਥਵਾ :-

੧. ਖੇਚਰੀ :- ਸਤਸੰਗੀ , ਧਰਮਖੰਡ।

੨. ਭੂਚਰੀ :- ਸੇਵਕ , ਗਿਆਨ ਖੰਡ।

੩. ਚਾਚਰੀ :- ਸਿਖ , ਸਰਮ ( ਸੁਖ ) ਖੰਡ।

੪. ਅਗੋਚਰੀ :- ਸਨਮੁਖ = ਕਰਮ ( ਬਖਸ਼ਸ਼ ) ਖੰਡ।

੫. ਉਨਮਨੀ :- ਗੁਰਮੁਖ = ਸਚਖੰਡ ਇਹ ਅਵਸਥਾ ( ਨਾਰਿ ) ਨਾਲ ਹਨ।

ਅਸਟ ਸੁਤ :-

੧. ਪ੍ਰਾਣ :- ਪ੍ਰਮੇਸ਼ਰ ਦੀ ਪਛਾਣ ਵਾਲੇ ਹੋਣਾ।

੨. ਅਪਾਨ :- ਦੁਨੀਆਂ ਦੀ ਪਛਾਣ ਤੋਂ ਰਹਿਤ ਹੋਣਾ।

੩. ਬਿਆਨ :- ਦ੍ਵੈਤ ਤੋਂ ਬਿਨਾਂ ਹੋਣਾ।

੪. ਸਮਾਨ :- ਵਿਆਪਕ ਸਮਝਣਾ।

੫. ਉਦਿਆਨ :- ਸੰਸਾਰ ਨੂੰ ਉਜਾੜ ਰੂਪ ਸਮਝਣਾ।

੬. ਇੜਾ :- ਜੋ ਅੜੀ ਵਾਲੀਆ ਵਾਸ਼ਨਾਂ ਹਨ। ਤਿਨ੍ਹਾਂ ਤੋਂ ਮਨ ਨੂੰ

੭. ਪਿੰਗਲਾ :- ਪਿੰਗਲਾ ਕਰਨਾ।

੮. ਸੁਖਮਨਾ :- ਮਨ ਨੂੰ ਸੁਖ ਦੇਣ ਵਾਲੀ ਭਗਤੀ ਕਰਨੀ।

ਅਥਵਾ :-

ਇੜਾ ਦੁਆਰਾ ਪ੍ਰਾਣਾਂ ਨੂੰ ਉਤਾਰਨਾ , ਭਾਵ ਮਾੜੇ ਕੰਮਾਂ ਦਾ ਰੇਚਕ = ਤਿਆਗ ਕਰਨਾ। ਪਿੰਗਲਾ ਦੁਆਰਾ ਸੁਆਸ਼ਾਂ ਦਾ ਚੜ੍ਹਾਉਣਾ , ਭਾਵ ਗੁਰਾਂ ਦੇ ਸ਼ਬਦ ਨੂੰ ਰਿਦੇ ਵਿਚ ਗ੍ਰਹਿਣ ਕਰਨਾ। ਸੁਖਮਨਾ ਵਿਖੇ ਸੁਆਸਾਂ ਦਾ ਕੁੰਭਕ ਕਰਨਾ , ਭਾਵ ਠਹਿਰਾਉਣਾ। ਮਨ ਦਾ ਗੁਰਾਂ ਦੇ ਉਪਦੇਸ਼ ਵਿਚ ਟਿਕਾਉਣਾ , ਇਹ ਠੀਕ (ਵਸ) ਹੋ ਗਏ ਹਨ।

*ਪ੍ਰਮਾਣ:* 'ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥'

*{ ਆਸਾ ਦੀ ਵਾਰ ਮਹਲਾ ੧ , ਅੰਗ – ੪੬੬ }*

ਪ੍ਰਸ਼ਨ ੨੪:

ਸਰੀਰ ਦੇ ਸੰਕਲਪ ਕਿਸ ਦੇ ਮਿਟਦੇ ਹਨ ?

ਉੱਤਰ ੨੪:

ਉਠਹਿ ਤਾਨ ਕਲੋਲ ; ਗਾਇਨ ਤਾਰ ਮਿਲਾਵਹੀ ॥

*ਪਦ ਅਰਥ:* ਤਾਨ — ਤਨ , ਸਰੀਰ। ਕਲੋਲ — ਸੰਕਲਪ ਵਿਕਲਪ , ਲਹਿਰ।
ਤਾਰ — ਬਿਰਤੀ।

*ਅਰਥ:* ਜੋ ਵਾਹਿਗੁਰੂ ਨੂੰ ਬਿਰਤੀ ਮੇਲ ਕੇ ਗਾਉਂਦੇ ਹਨ। ਉਨ੍ਹਾਂ ਦੇ ਸਰਰਿ ਦੇ ਸੰਕਲਪ ਵਿਕਲਪ ਉੱਠ ਕੇ ਚਲੇ ਜਾਂਦੇ ਹਨ।

*ਪ੍ਰਮਾਣ:* 'ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥'

*{ ਬਸੰਤੁ ਮਹਲਾ ੯ , ਅੰਗ - ੧੧੮੬ }*

ਪ੍ਰਸ਼ਨ ੨੫:

ਆਪਣੀ ਆਤਮਾ ਦੀ ਪੂਜਾ ਕਰਨੀ ਕਿਸਨੂੰ ਆਈ ਹੈ ?

ਉੱਤਰ ੨੫:

ਤੇਲੰਗੀ ਦੇਵਕਰੀ ; ਆਈ ॥

*ਪਦ ਅਰਥ:* ਤੇ — ਤਿੰਨ। ਲੰਗੀ — ਲੰਘ ਕੇ। ਦੇਵ — ਪੂਜਾ।

*ਅਰਥ:* ਗੁਰਮੁਖਾਂ ਤਾਈ ਤਿੰਨਾਂ ਗੁਣਾਂ ਨੂੰ ਲੰਘ ਕੇ ਆਪਣੀ ਆਤਮਾ ਦੀ ਪੂਜਾ ਕਰਨੀ ਆਈ ਹੈ।

*ਪ੍ਰਮਾਣ:* ੧. 'ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥
ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥'

*{ ਰਾਮਕਲੀ ਮਃ ੫ , ਅੰਗ - ੮੮੩ }*

੨. 'ਗੁਰਮਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥੧੧॥'

*{ ਰਾਮਕਲੀ ਮਃ ੩ , ਅੰਗ – ੯੧੦ }*

ਪ੍ਰਸ਼ਨ ੨੯:

ਭਾਣਾ ਮੰਨਣ ਕਰਕੇ ਕੀ ਲਾਭ ਪ੍ਰਾਪਤ ਹੁੰਦਾ ਹੈ ?

ਉੱਤਰ ੨੯:

ਬਸੰਤੀ ; ਸੰਦੂਰ ਸੁਹਾਈ ॥

*ਪਦ ਅਰਥ:* ਬਸੰਤੀ ( ਬਸੰ + ਤੀ ) = ਬਸੰ — ਵੱਸ , ਤੀ — ਇਸਤ੍ਰੀ।
ਸੰਦੂਰ ( ਸੰ + ਦੂਰ ) = ਸੰ — ਭਲੀ ਪ੍ਰਕਾਰ ਦੂਰ ਹੋ ਗਈ।
ਸੁਹਾਈ — ਸੋਭਨੀਕ।

*ਅਰਥ:* ਅਵਿਦਿਆ ਰੂਪ ਇਸਤਰੀ ਵੱਸ ਹੋ ਗਈ ਅਤੇ ਜੋ ਸੋਭਨੀਕ ਮਾਇਆ ਪ੍ਰਤੀਤ ਹੋ ਰਹੀ ਸੀ , ਉਹ ਵੀ ਭਲੀ ਪ੍ਰਕਾਰ ਦੂਰ ਹੋ ਗਈ ਹੈ।

*ਪ੍ਰਮਾਣ:* ੧. 'ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥
ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥'

*{ ਮਾਰੂ ਸੋਲਹੇ ਮਹਲਾ ੩ , ਅੰਗ – ੧੦੬੩ }*

੨. 'ਕਹੁ ਨਾਨਕ ਜਿਨਿ ਜਗਤੁ ਠਗਾਨਾ ॥
ਸੁ ਮਾਇਆ ਹਰਿ ਜਨ ਠਾਗੀ ॥'

*{ ਸਾਰਗ ਮਹਲਾ ੫ , ਅੰਗ – ੧੨੨੨ }*

ਪ੍ਰਸ਼ਨ ੨੭:

ਪ੍ਰਕਾਸ਼ ਸਰੂਪ ਦੀ ਪ੍ਰਾਪਤੀ ਕਿਵੇਂ ਹੋਵੇ ?

ਉੱਤਰ ੨੭:

ਸਰਸ ਅਹੀਰੀ ; ਲੈ ਭਾਰਜਾ ॥

*ਪਦ ਅਰਥ:* ਸਰਸ — ਸਹਿਤ ਪ੍ਰੇਮ ਦੇ।
ਅਹੀਰੀ ( ਅਹੀ + ਰੀ ) = ਅਹੀ — ਸੱਪਣੀਆਂ , ਰੀ — ਇੰਦ੍ਰੀਆਂ।
ਲੈ — ਨਾਸ। ਭਾਰਜਾ ( ਭਾ + ਰਜਾ ) = ਭਾ — ਪ੍ਰਕਾਸ਼ ਸਰੂਪ ,
ਰਜਾ — ਤ੍ਰਿਪਤ।

*ਅਰਥ:* ਗੁਰਮੁਖਾਂ ਨੇ ਸਹਿਤ ਪ੍ਰੇਮ ਦੇ ਇੰਦ੍ਰੀਆਂ ਰੂਪ ਸੱਪਣੀਆਂ ਨਾਸ ਕੀਤੀਆਂ ਹਨ , ਪ੍ਰਕਾਸ਼ ਸਰੂਪ ਬ੍ਰਹਮ ਨੂੰ ਪਾ ਕੇ ਤ੍ਰਿਪਤ ਹੋ ਗਏ ਹਨ।

*ਪ੍ਰਮਾਣ:* ‘ਸਾਚੁ ਕਹੌਂ ਸੁਨ ਲੇਹੁ ਸਭੈ ;
ਜਿਨ ਪ੍ਰੇਮੁ ਕੀਓ ਤਿਨਹੀ ਪ੍ਰਭੁ ਪਾਇਓ॥’

*{ ਦਸਮ , ਅੰਗ – ੧੪ }*

ਪ੍ਰਸ਼ਨ ੨੮:

ਗੁਰਮੁਖਾਂ ਨੇ ਕਿਸ ਨਾਲ ਬਿਰਤੀ ਲਾਈ ਹੈ ?

ਉੱਤਰ ੨੮:

ਸੰਗਿ ਲਾਈ ; ਪਾਂਚਉ ਆਰਜਾ ॥

*ਪਦ ਅਰਥ:* ਪਾਂਚਉ — ਚੇਤਨ। ਆਰਜਾ — ਸ੍ਰੇਸ਼ਟ।

*ਅਰਥ:* ਬ੍ਰਹਮ ਚੇਤਨ ਜੋ ਸ੍ਰੇਸ਼ਟ ਹੈ , ਤਿਸ ਨਾਲ ਗੁਰਮੁਖਾਂ ਨੇ ਆਪਣੀ ਬਿਰਤੀ ਲਾਈ ਹੈ।

*ਪ੍ਰਮਾਣ:* ‘ਨਿਰਭਉ ਹੋਇ ਰਹੇ ਲਿਵ ਏਕੈ ;
ਨਾਨਕ ਹਰਿ ਮਨੁ ਮਾਨੀ ॥’

*{ ਟੋਡੀ ਮਹਲਾ ੫ , ਅੰਗ - ੭੧੧ }*

ਪ੍ਰਸ਼ਨ ੨੯:

ਪ੍ਰਮੇਸ਼ਰ ਕਿਥੋਂ ਪ੍ਰਾਪਤ ਹੋਇਆ ?

ਉੱਤਰ ੨੯:

ਸੁਰਮਾ ਨੰਦ ; ਭਾਸਕਰ ਆਏ ॥

*ਪਦ ਅਰਥ:* ਸੁਰਮਾ — ਕਾਲਾ , ਕਾਲੀ ਮਾਇਆ। ਨੰਦ — ਪੁੱਤਰ , ਮਨ।
ਭਾਸਕਰ ( ਭਾਸ + ਕਰ ) = ਪ੍ਰਕਾਸ਼ ਕਰ।

*ਅਰਥ:* ਮਾਇਆ ਦਾ ਪੁੱਤਰ ਜੋ ਮਨ ਹੈ , ਤਿਸ ਵਿਚ ਵਾਹਿਗੁਰੂ ਆਪ ਦੇ ਗਿਆਨ ਦਾ ਪ੍ਰਕਾਸ਼ ਕਰਕੇ ਆ ਪ੍ਰਾਪਤ ਹੋਇਆ ਹੈ।

*ਪ੍ਰਮਾਣ:* ੧. 'ਮਨ ਮਹਿ ਆਪਿ ਮਨ ਅਪੁਨੇ ਮਾਹਿ ॥'

*{ ਗਉੜੀ ਸੁਖਮਨੀ ਮਃ ੫ , ਅੰਗ - ੨੭੯ }*

੨. 'ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥'

*{ ਰਾਮਕਲੀ ਮਹਲਾ ੧ , ਅੰਗ - ੮੭੯ }*

ਪ੍ਰਸ਼ਨ ੩੦:

ਜੋਤ ਦਾ ਪ੍ਰਕਾਸ਼ ਹਿਰਦਿਆਂ ਵਿਚ ਕਿਸ ਤਰ੍ਹਾਂ ਹੈ ?

ਉੱਤਰ ੩੦:

ਚੰਦ੍ਰਬਿੰਬ ; ਮੰਗਲਨ ਸੁਹਾਏ ॥

*ਪਦ ਅਰਥ:* ਚੰਦ੍ਰ — ਚੰਦ੍ਰਮਾ। ਬਿੰਬ — ਪ੍ਰਤਿਬਿੰਬ = ਅਕਾਸ਼।
ਮੰਗਲਨ — ਅਨੰਦ ਦਾਇਕ।

*ਅਰਥ:* ਜਿਵੇਂ ਚੰਦ੍ਰਮਾ ਦਾ ਪ੍ਰਤਿਬਿੰਬ ਘੜਿਆਂ ਵਿਚ ਸੁਹਾਂਵਦਾ ਹੈ , ਇਸੇ ਤਰ੍ਹਾਂ ਅਨੰਦ ਦਾਇਕ ਜੋਤ ਗੁਰਮੁਖਾਂ ਦੇ ਹਿਰਦਿਆਂ ਵਿਚ ਸੁਹਾਂਵਦੀ ਹੈ।

*ਪ੍ਰਮਾਣ:* ੧. 'ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥'

*{ ਮਾਰੂ ਡਖਣੇ ਵਾਰ , ਮਃ ੫ , ਅੰਗ - ੧੦੯੯ }*

੨. 'ਜਿਉ ਪਸਰੀ ਸੂਰਜ ਕਿਰਣਿ ਜੋਤਿ ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥'

*{ ਬਸੰਤੁ ਮਹਲਾ ੪ , ਅੰਗ - ੧੧੭੭ }*

ਪ੍ਰਸ਼ਨ ੩੧:

ਪ੍ਰੇਮ ਦੇ ਤੀਰਾਂ ਦਾ ਕੀ ਫਲ ਹੈ ?

ਉੱਤਰ ੩੧:

ਸਰਸਬਾਨ ; ਅਉ ਆਹਿ ਬਿਨੋਦਾ ॥

*ਪਦ ਅਰਥ:* ਸਰਸ — ਸਹਿਤ ਪ੍ਰੇਮ। ਬਾਨ — ਤੀਰ। ਅਉ — ਬਹੁੜੋ , ਫੇਰ।
ਆਹਿ — ਹੈ। ਬਿਨੋਦਾ — ਅਨੰਦ।

*ਅਰਥ:* ਜਿਨ੍ਹਾਂ ਗੁਰਸਿੱਖਾਂ ਦੇ ਹਿਰਦੇ ਪ੍ਰੇਮ ਰੂਪ ਤੀਰ ਦੇ ਸਹਿਤ ਹਨ , ਤਿਨ੍ਹਾਂ ਤਾਈਂ ਫਿਰ ਅਕਾਲ ਪੁਰਖ ਦਾ ਭਰਮ ਰਹਿਤ ਨਿਰਉਪਾਧ ਅਨੰਦ ਹੀ ਅਨੰਦ ਹੈ।

*ਪ੍ਰਮਾਣ:* 'ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥'
*{ ਸੋਰਠਿ ਮਹਲਾ ੪ , ਅੰਗ – ੬੦੭ }*

ਪ੍ਰਸ਼ਨ ੩੨:

ਪ੍ਰੇਮ ਨਾਲ ਗਾਉਣ ਦਾ ਕੀ ਫਲ ਹੈ ?

ਉੱਤਰ ੩੨:

ਗਾਵਹਿ ਸਰਸ ; ਬਸੰਤ ਕਮੋਦਾ ॥

*ਪਦ ਅਰਥ:* ਬਸੰਤ — ਅਨੰਦ। ਕਮੋਦਾ — ਕਵੀਆਂ।

*ਅਰਥ:* ਜੋ ਪ੍ਰੇਮ ਨਾਲ ਵਾਹਿਗੁਰੂ ਨੂੰ ਗਾਉਂਦੇ ਹਨ , ਤਿਨ੍ਹਾਂ ਦਾ ਰਿਦਾ ਕਵੀਆਂ ਦੀ ਨਿਆਈਂ ਸਤਿਗੁਰੂ ਨਾਨਕ ਚੰਦ੍ਰਮਾਂ ਕਰਕੇ ਅਨੰਦ ਸਹਿਤ ਹੈ।

*ਪ੍ਰਮਾਣ:* ੧. 'ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥'

*{ ਗਉੜੀ ਕੀ ਵਾਰ ( ਦੂਜੀ ) , ਮਃ ੫ , ਅੰਗ - ੩੨੨ }*

੨. 'ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥'

*{ ਬਿਹਾਗੜਾ ਮਹਲਾ ੫ , ਅੰਗ - ੫੪੬ }*

## ਪ੍ਰਸ਼ਨ ੩੩:

ਵੈਰਾਗ ਬਿਬੇਕਾਦਿਕ ਸਾਧਨ ਕਹੋ ?

## ਉੱਤਰ ੩੩:

ਅਸਟ ਪੁਤ੍ਰ ; ਮੈ ਕਹੇ ਸਵਾਰੀ ॥

*ਪਦ ਅਰਥ:* ਅਸਟ — ਅੱਠ। ਪੁਤ੍ਰ — ਪਵਿੱਤਰ। ਮੈ — ਮੇਰੇ।
ਸਵਾਰੀ — ਸਵਾਰ-ਸਵਾਰ ਕੇ।

*ਅਰਥ:* ਵੈਰਾਗ , ਬਿਬੇਕ , ਖਟ ਸੰਪਤੀ , ਮੁਕਤੀ ਇੱਛਾ , ਸ੍ਰਵਨ , ਮੰਨਨ , ਨਿਧਿਆਸਣ ਤੇ ਤੱਤ ਤ੍ਵੰ ਦਾ ਸੋਧਨ , ਇਨ੍ਹਾਂ ਅੱਠਾਂ ਸਾਧਨਾਂ* ਵਾਲੇ ਸੰਤ , ਮੇਰੇ ਪਵਿੱਤਰ ਸੁਧ ਸਰੂਪ ਅਕਾਲ ਪੁਰਖ ਨੂੰ ਸਵਾਰ-ਸਵਾਰ ਕੇ ਕਹਿੰਦੇ ਹਨ।

*ਪ੍ਰਮਾਣ:* 'ਮਨ ਤਨ ਰੰਗਿ ਰਤੇ ਰੰਗ ਏਕੈ ॥
ਨਾਨਕ ਜਨ ਕੈ ਬਿਰਤਿ ਬਿਬੇਕੈ ॥'

*{ ਗਉੜੀ ਸੁਖਮਨੀ ਮਃ ੫ , ਅੰਗ - ੨੬੪ }*

---

* ੧. **ਵੈਰਾਗ** :- ਬ੍ਰਹਮ ਲੋਕ ਤੱਕ ਜਿੰਨੇ ਪਦਾਰਥ ਹਨ , ਸਭਨਾਂ ਦਾ ਰਿਦੇ ਵਿਚੋਂ ਤਿਆਗ ਕਰੇ। ਪ੍ਰਮੇਸ਼ਰ ਤੋਂ ਬਿਨਾਂ ਕਿਸੇ ਵਸਤੂ ਦੀ ਇੱਛਾ ਨਾ ਹੋਵੇ।

੨. **ਬਿਬੇਕ** :- ਬ੍ਰਹਮ ਤਿੰਨਾਂ ਕਾਲਾਂ ਵਿਚ ਸਤਿਸਰੂਪ ਹੈ , ਜਗਤ ਸਰੀਰ ਸਹਿਤ ਨਾਸਵੰਤ ਹੈ।

੩. **ਖਟ ਸੰਪਤੀ** :- ਛੇ ਗੁਣਾਂ ਦਾ ਇਕ ਸਾਧਨਃ

- **ਸਮ** – ਮਨ ਨੂੰ ਵਿਸ਼ਿਆਂ ਦੀ ਵਾਸ਼ਨਾ ਤੋਂ ਰੋਕਣਾ।
- **ਦਮ** – ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕਣਾ।
- **ਸ਼ਰਧਾ** – ਗੁਰਾਂ ਦੇ ਬਚਨ ਸੱਚੇ ਹਨ , ਮੇਰੀ ਕਲਿਆਣ ਕਰ ਦੇਣਗੇ , ਐਸਾ ਭਰੋਸਾ ਹੋਣਾ।
- **ਸਮਾਧਾਨ** – ਮਨ ਵਿਚੋਂ ਨਾਨਾਂ ਪੁਣੇ ਦੀ ਹਿਲਜੁਲੀ ਰੂਪ ਵਿਖੇਪ ਨਾ ਹੋਣਾ।
- **ਉਪਰਾਮ** – ਵਿਸ਼ੇ ਸਾਧਨ ਸਮੇਤ ਸਭ ਕਰਮਾਂ ਦਾ ਤਿਆਗ , ਵਿਸ਼ਿਆਂ ਨੂੰ ਵਿਹੁ ਦੀ ਤਰ੍ਹਾਂ ਜਾਣ ਕੇ ਭੱਜਣਾ। ਅੱਖਾਂ ਨਾਲ ਜੇ ਕਿਤੇ ਵਿਚਾਰ ਦ੍ਰਿਸ਼ਟੀ ਪੈ ਜਾਣੀ ਤਾਂ ਰਿਦੇ ਵਿਚ ਗਲਿਆਨੀ ਮੰਨਣੀ।
- **ਤਤਿਛਿਆ** – ਗੁਰਾਂ ਦੀ ਸੇਵਾ ਵਿਚ ਧੁੱਪ , ਪਾਲਾ , ਭੁੱਖ ਤੇਹ ਇਨ੍ਹਾਂ ਨੂੰ ਸੁਤੇ ਸੁਭਾਅ ਸਹਾਰ ਲੈਣਾ।

੪. **ਮੁਕਤੀ ਇੱਛਾ** :- ਬ੍ਰਹਮ ਦੀ ਪ੍ਰਾਪਤੀ ਅਤੇ ਸੰਸਾਰ ਦੁੱਖ ਦੀ ਨਵਿਰਤੀ ਮੁਕਤੀ ਇੱਛਾ ਦਾ ਸਰੂਪ ਹੈ। ਇਸ ਇੱਛਾ ਦਾ ਨਾਮ ਮਮੁਖਤਾ ਹੈ।

੫. **ਸ੍ਰਵਣ** :- ਖਟ ਚਿਨ੍ਹਾਂ ਦੀ ਜੁਗਤੀ ਨਾਲ ਵੇਦਾਂਤ ਵਾਕਾਂ ਦਾ ਤਾਤਪਰਜ ਨਿਸ਼ਚੇ ਕਰਨਾ, ਚਿੱਤ ਨੂੰ ਇਕਾਗਰ ਕਰਕੇ ਪ੍ਰੇਮ ਨਾਲ ਨਾਮ ਸੁਣਨਾ।

ਖਟ ਚਿੰਨ੍ਹ:

- ਉਪਕਰਮ – ਜਿਸ ਪ੍ਰਕਰਣ ਤੋਂ ਸ਼ੁਰੂ ਹੋਣਾ।

  ਉਪਸਹਾਰ – ਉਸੇ ਪ੍ਰਕਰਣ ਵਿਚ ਸਮਾਪਤੀ ਕਰਨੀ। ਆਦਿ ਵਿਚ ਵੀ ਅਦ੍ਵੈਤ ਦਾ ਕਥਨ ਅਤੇ ਅੰਤ ਵਿਚ ਵੀ ਅਦ੍ਵੈਤ ਦਾ ਕਥਨ ਕਰਨਾ।
- ਅਭਿਆਸ – ਪੁਨਾ-ਪੁਨਾ ਅਦ੍ਵੈਤ ਵਸਤੂ ਦਾ ਚਿੰਤਨ ਕਰਨਾ।
- ਅਪੂਰਬਤਾ – ਗੁਰਾਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੁੰਦਾ ਤੇ ਗਿਆਨ ਬਿਨਾਂ ਮੁਕਤੀ ਨਹੀਂ।
- ਪੂਰਬਤਾ ਫ਼ਲ – ਬ੍ਰਹਮ ਗਿਆਨ।
- ਅਰਥਾਵਾਦ – ਨਾਮ ਦੀ ਮਹਿਮਾ।
- ਉਤਪਤੀ – ਜੁਗਤੀ। ਬੇਮੁਖਤਾ ਦਾ ਖੰਡਨ।

੬. ਮੰਨਣ :– ਜੀਵ ਬ੍ਰਹਮ ਦੇ ਅਭੇਦ ਦੀਆਂ ਸਾਧਕ ਅਰ ਭੇਦ ਨੂੰ ਖੰਡਨ ਕਰਨ ਵਾਲੀਆਂ ਜੁਗਤੀਆਂ ਨਾਲ ਅਦੁੱਤੀ ਬ੍ਰਹਮ ਦਾ ਚਿੰਤਨ ਕਰਨਾ।

੭. ਨਿਧਿਆਸਣ :– ਅਨਾਤਮਾਕਾਰ ਬਿਰਤੀ ਨੂੰ ਬ੍ਰਹਮਾਕਾਰ ਬਿਰਤੀ ਬਣਾਉਣਾ।

੮. ਤੱਤ ਤ੍ਵੰ ਦਾ ਸੋਧਨ :– ਤੱਤ ਪਦ ਦਾ ਅਰਥ ਈਸ਼ਰ ਦਾ ਸਾਖੀ , ਤ੍ਵੰ ਪਦ ਦਾ ਅਰਥ ਜੀਵ ਦਾ ਸਾਖੀ , ਇਕੋ ਸੁੱਧ ਸਰੂਪ ਹੈ।

ਪ੍ਰਸ਼ਨ ੩੪:

ਮਨੁਖਾ ਦੇਹ ਦੀ ਵਾਰੀ ਕਿਸ ਵਾਸਤੇ ਹੈ ?

ਉੱਤਰ ੩੪:

ਪੁਨਿ ਆਈ ; ਦੀਪਕ ਕੀ ਬਾਰੀ ॥

*ਪਦ ਅਰਥ:* ਪੁਨਿ — ਫੇਰ। ਦੀਪਕ — ਪ੍ਰਕਾਸ਼ ਸਰੂਪ। ਬਾਰੀ — ਮਨੁੱਖਾ ਜਨਮ।

*ਅਰਥ:* ਚੁਰਾਸੀ ਦੇ ਫੇਰ ਵਿਚ ਫਿਰਕੇ ਨੂੰ ਪ੍ਰਕਾਸ਼ ਸਰੂਪ ਵਾਹਿਗੁਰੂ ਦੇ ਮਿਲਣ ਦੀ ਮਨੁੱਖਾ ਜਨਮ ਵਾਰੀ ਆ ਕੇ ਪ੍ਰਾਪਤ ਹੋਈ ਹੈ।

*ਪ੍ਰਮਾਣ:* 'ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥'

*{ ਆਸਾ ਮਹਲਾ ੫ , ਅੰਗ - ੧੨ }*

ਪ੍ਰਸ਼ਨ ੩੫:

ਕਬੁੱਧੀ ਦੀ ਨਵਿਰਤੀ ਕਿਸ ਤਰ੍ਹਾਂ ਹੋਵੇ ?

ਉੱਤਰ ੩੫:

ਕਛੇਲੀ ਪਟਮੰਜਰੀ ; ਟੋਡੀ ਕਹੀ ਅਲਾਪਿ ॥

*ਪਦ ਅਰਥ:* ਕਛੇਲੀ ( ਕ + ਛੇਲੀ ) = ਕ — ਖੁਟਿਆਈ , ਕਰੂਪ। ਛੇਲੀ — ਛਲ ਵਾਲੀ ਬੁੱਧੀ। ਪਟ — ਪੁੱਟ ਦੇਣਾ। ਮੰਜਰੀ ( ਮੰ + ਜਰੀ ) = ਮੰ — ਰਿਦੇ ਵਿਚ। ਜਰੀ — ਜੜੀ ਹੋਈ ਸੀ। ਟੋਡੀ — ਦੇਸੀ , ਸਾਖੀ। ਅਲਾਪਿ — ਗਾਉਂਦੇ ਹਨ।

*ਅਰਥ:* ਖੁਟਿਆਈ ਛਲ ਵਾਲੀ , ਜੋ ਕਰੂਪ ਕਬੁੱਧੀ ਰਿਦੇ ਵਿਚ ਜੜੀ ਹੋਈ ਸੀ। ਸੋ ਪੁੱਟ ਦਿੱਤੀ। ਗੁਰਮੁਖ ਸ੍ਵੈ ਦੇਸੀ ਸਾਖ਼ੀ ਚੇਤਨ ਨੂੰ ਆਪ ਗਾਉਂਦੇ ਹਨ ਅਤੇ ਹੋਰਨਾਂ ਨੂੰ ਕਹਿੰਦੇ ਹਨ ਗਾਵੋ।

*ਪ੍ਰਮਾਣ:* ‘ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥’

*{ ਰਾਮਕਲੀ ਮਹਲਾ ੧ ਸਿਧ ਗੋਸਟਿ , ਅੰਗ – ੯੪੪ }*

ਪ੍ਰਸ਼ਨ ੩੬:

ਸਬੁੱਧੀ ਦਾ ਪ੍ਰਕਾਸ਼ ਕਿਵੇਂ ਹੋਵੇ ?

ਉੱਤਰ ੩੬:

ਕਾਮੋਦੀ ਅਉ ਗੂਜਰੀ ; ਸੰਗਿ ਦੀਪਕ ਕੇ , ਥਾਪਿ ॥

*ਪਦ ਅਰਥ:* ਕਾਮੋਦੀ — ਕਾਮ ਨੂੰ ਉਦੇ ਕਰਨ ਵਾਲੀ ਕਬੁੱਧੀ , ਵਾ :- ਕਵੀਆਂ। ਗੂਜਰੀ — ਗੁਜਰ ਗਈ। ਦੀਪਕ — ਪ੍ਰਕਾਸ਼ ਸਰੂਪ। ਥਾਪਿ — ਇਸਥਿਤ। ਅਉ — ਪੁਨਾਂ — ਫੇਰ।

*ਅਰਥ:* ਜੋ ਕਬੁੱਧੀ ਵਿਸ਼ੇ ਰਸ ਵਿਚ ਕਵੀਆਂ ਵਾਂਗੂ ਖਿੜੀ ਹੋਈ ਸੀ। ਪੁਨਾ ਉਹ ਹੁਣ ਗੁਜਰ ਗਈ ਹੈ ਅਤੇ ਸਬੁੱਧੀ ਪ੍ਰਕਾਸ਼ ਸਰੂਪ ਦੇ ਨਾਲ ਇਸਥਿਤ ਹੋ ਗਈ ਹੈ।

*ਪ੍ਰਮਾਣ:* ੧. ‘ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ ॥’

*{ ਆਸਾ ਮਹਲਾ ੫ , ਅੰਗ – ੩੭੦ }*

੨. ‘ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥’

*{ ਆਸਾ ਮਹਲਾ ੪ , ਅੰਗ – ੪੫੦ }*

ਪ੍ਰਸ਼ਨ ੩੭:

ਕੀ ਔਗੁਣ ਮਿਟ ਗਏ ?

ਉੱਤਰ ੩੭:

ਕਾਲੰਕਾ ਕੁੰਤਲ ; ਅਉ ਰਾਮਾ ॥

*ਪਦ ਅਰਥ:* ਕਾਲੰਕਾ — ਕਲੰਕ , ਪਾਪ। ਕੁੰਤਲ — ਕਾਲੇ। ਅਉ — ਪੁਨਾ।
ਰਾਮਾ — ਰਮ ਗਏ , ਚਲ ਗਏ।

*ਅਰਥ:* ਕਾਲੇ ਪਾਪਾਂ ਦੇ ਜੋ ਕਲੰਕ ਸਨ , ਫੇਰ ਉਹ ਚਲੇ ਗਏ ਹਨ।

*ਪ੍ਰਮਾਣ:* 'ਕੋਟਿ ਜਨਮ ਕੇ ਬਿਨਸੇ ਪਾਪ ॥
ਹਰਿ ਹਰਿ ਜਪਤ ਨਾਹੀ ਸੰਤਾਪ ॥'

*{ ਰਾਮਕਲੀ ਮਹਲਾ ੫ , ਅੰਗ - ੮੯੭ }*

ਪ੍ਰਸ਼ਨ ੩੮:

ਚਿੱਤ ਉੱਜਲ ਕਿਸ ਪ੍ਰਕਾਰ ਹੋ ਗਿਆ ਹੈ ?

ਉੱਤਰ ੩੮:

ਕਮਲ ਕੁਸਮ ; ਚੰਪਕ ਕੇ ਨਾਮਾ ॥

*ਪਦ ਅਰਥ:* ਚੰਪਕ — ਚੰਬਾ। ਕੁਸਮ — ਫੁੱਲ। ਕਮਲ — ਕੌਲ। ਕੇ — ਕਰਕੇ।
ਨਾਮਾ — ਵਾਹਿਗੁਰੂ।

*ਅਰਥ:* ਵਾਹਿਗੁਰੂ ਨਾਮ ਦੇ ਅਭਿਆਸ ਕਰਕੇ ਕਵਲ ਦੇ ਫੁੱਲ ਵਾਂਗੂੰ ਨਿਰਲੇਪ ਅਤੇ ਚੰਬੇ ਦੇ ਫੁੱਲਾਂ ਵਾਂਗੂੰ ਉੱਜਲ ( ਸੰਸਾਰ ਵਿਖੇ ) ਹੋ ਗਏ।

*ਪ੍ਰਮਾਣ:* 'ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ ॥'

*{ ਆਸਾ ਮਹਲਾ ੫ , ਅੰਗ - ੪੦੦ }*

ਪ੍ਰਸ਼ਨ ੩੯:

ਗੁਰਮੁਖਾਂ ਦੇ ਹਿਰਦੇ ਵਿਚ ਕਿਹੜੀ ਚੀਜ਼ ਵੱਡੀ ਲੱਗਦੀ ਹੈ ?

ਉੱਤਰ ੩੯:

ਗਉਰਾ ; ਅਉ ਕਾਨਰਾ ਕਲ੍ਯਾਨਾ ॥

*ਪਦ ਅਰਥ:* ਗਉਰਾ — ਗੌਰਵਤਾ , ਵਡਿਆਈ।
ਕਾਨਰਾ ( ਕਾ + ਨਰਾ ) = ਕਾ — ਸੁਖ ਸਰੂਪ। ਨਰਾ — ਨਿਅੰਤਾ ਰੂਪ।
ਕਲ੍ਯਾਨਾ — ਕਲਿਆਨ ਸਰੂਪ।

*ਅਰਥ:* ਗੁਰਮੁਖਾਂ ਦੇ ਰਿਦੇ ਵਿਚ ਨਾਮ ਦੀ ਹੀ ਵਡਿਆਈ ਹੈ ਅਤੇ ਸੁਖ , ਪ੍ਰੇਰਕ ਤੇ ਨਿਅੰਤਾ ਸਰੂਪ ਨੂੰ ਪਾ ਕੇ ਕਲਿਆਨ ਸਰੂਪ ਹੋਏ ਹਨ।

*ਪ੍ਰਮਾਣ:* 'ਸਭ ਵਡਿਆਈਆ ਹਰਿ ਨਾਮ ਵਿਚਿ ;
ਹਰਿ ਗੁਰਮੁਖਿ ਧਿਆਈਐ ॥'

*{ ਬਿਲਾਵਲ ਕੀ ਵਾਰ ਮਹਲਾ ੪ , ਅੰਗ - ੮੫੦ }*

ਪ੍ਰਸ਼ਨ ੪੦:

ਨਾਮੀ ( ਪ੍ਰਮੇਸ਼ਰ ) ਕਿਸ ਮੁੱਲ ਕਰਕੇ ਪਾਈਦਾ ਹੈ ?

ਉੱਤਰ ੪੦:

ਅਸਟ ਪੁਤ੍ਰ ; ਦੀਪਕ ਕੇ ਜਾਨਾ ॥

*ਪਦ ਅਰਥ:* ਅਸਟ ( ਅ + ਸਟ ) = ਬਿਨਾਂ ਸਟੇ ( ਮੁੱਲ ) ਤੋਂ , ਭਾਵ ਅਮੋਲਕ।
ਪੁਤ੍ਰ — ਪਵਿੱਤਰ। ਦੀਪਕ — ਗਿਆਨ।

*ਅਰਥ:* ਕਿਸੇ ਸਾਧਨ ਦੀ ਪਵਿੱਤਰਤਾ ਦੇ ਸਟੇ ( ਵੱਟੇ ) ਨਹੀਂ ਮਿਲਦਾ ਵਾਹਿਗੁਰੂ ਕੇਵਲ ਨਾਮ ਦੇ ਗਿਆਨ ਕਰਕੇ ਹੀ ਜਾਣੀਦਾ ਹੈ।

*ਪ੍ਰਮਾਣ:* ‘ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥’

*{ ਗਉੜੀ ਕਬੀਰ ਜੀ , ਅੰਗ - ੩੨੭ }*

ਪ੍ਰਸ਼ਨ ੪੧:

ਪ੍ਰਮੇਸ਼ਰ ਨੂੰ ਭਗਤ ਕਿਵੇਂ ਗਾਉਂਦੇ ਹਨ ?

ਉੱਤਰ ੪੧:

ਸਭ ਮਿਲਿ ; ਸਿਰੀਰਾਗ ਵੈ ਗਾਵਹਿ ॥

*ਪਦ ਅਰਥ:* ਸ੍ਰੀ — ਸ਼੍ਰੋਮਣੀ। ਰਾਗ — ਪ੍ਰੇਮ। ਵੈ — ਉਸ ਹਰੀ ਤਾਈਂ।

*ਅਰਥ:* ਸਾਰੇ ਭਗਤ ਮਿਲ ਕੇ ਉਸ ਪ੍ਰਮੇਸ਼ਰ ਦੇ ਤਾਈਂ ਸ਼ੋਮਣੀ ਪ੍ਰੇਮ ਕਰਕੇ ਗਾਉਂਦੇ ਹਨ।

*ਪ੍ਰਮਾਣ:* 'ਗੁਰਪਰਸਾਦੀ ਜੈ ਦੇਉ ਨਾਮਾਂ ॥
ਭਗਤਿ ਕੈ ਪ੍ਰੇਮਿ ਇਨਹੀ ਹੈ ਜਾਨਾਂ ॥'

*{ ਗਉੜੀ ਕਬੀਰ ਜੀ , ਅੰਗ - ੩੩੦ }*

ਪ੍ਰਸ਼ਨ ੪੨:

ਹਰੀ ਹਿਰਦੇ ਵਿਚੋਂ ਕਿਵੇਂ ਮਿਲੇ ?

ਉੱਤਰ ੪੨:

ਪਾਂਚਉ ਸੰਗਿ ; ਬਰੰਗਨ ਲਾਵਹਿ ॥

*ਪਦ ਅਰਥ:* ਪਾਂਚਉ — ਚੇਤਨ , ਹਰੀ। ਬਰੰਗਨ ( ਬਰ + ਅੰਗਨ ) =
ਬਰ — ਸ੍ਰੇਸ਼ਟ। ਅੰਗਨ — ਰਿਦੇ ਵਾਲਾ।

*ਅਰਥ:* ਸ੍ਰੇਸ਼ਟ ਸੰਤਾਂ ਦੇ ਸੰਗ ਰਿਦੇ ਨੂੰ ਲਾ ਕੇ ਹਰੀ ਬ੍ਰਹਮ ਚੇਤਨ ਪਤੀ ਨਾਲ ਮਿਲੀਦਾ ਹੈ।

*ਪ੍ਰਮਾਣ:* 'ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ;
ਪ੍ਰੀਤਮੁ ਦੇਇ ਮਿਲਾਇ ॥'

*{ ਆਸਾ ਮਹਲਾ ੫ , ਅੰਗ - ੪੩੧ }*

ਪ੍ਰਸ਼ਨ ੪੩:

ਪੂਰਨ ਫਲ ਕਿਵੇਂ ਮਿਲਦਾ ਹੈ ?

ਉੱਤਰ ੪੩:

ਬੈਰਾਰੀ ; ਕਰਨਾਟੀ ਧਰੀ ॥

*ਪਦ ਅਰਥ:* ਬੈਰਾਰੀ ( ਬੈਰ + ਅਰੀ ) = ਵੈਰ ਦੀ ਨਾਸ਼ਕ = ਗਰੀਬੀ।
ਕਰਨਾਟੀ ( ਕਰਨ + ਅਟੀ ) = ਕਿਰਪਾ , ਪੂਰੀ।

*ਅਰਥ:* ਜਿਨ੍ਹਾਂ ਨੇ ਪੂਰੀ ਗਰੀਬੀ ਤੇ ਕਿਰਪਾ ਧਾਰਨ ਕੀਤੀ ਹੈ , ਉਨ੍ਹਾਂ ਨੂੰ ਪੂਰਨ ਫਲ ਮਿਲਦਾ ਹੈ।

*ਪ੍ਰਮਾਣ:* ‘ਸਹਜ ਸੁਹੇਲਾ ਫਲੁ ਮਸਕੀਨੀ ॥
ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥’

*{ ਗਉੜੀ ਮਹਲਾ ੫ , ਅੰਗ - ੨੩੫ }*

ਪ੍ਰਸ਼ਨ ੪੪:

ਸਾਰੀ ਦੁਨੀਆਂ ਵਿਚ ਕਿਸ ਦਾ ਜਸ ਹੈ ?

ਉੱਤਰ ੪੪:

ਗਵਰੀ ਗਾਵਹਿ ; ਆਸਾਵਰੀ ॥

*ਪਦ ਅਰਥ:* ਗਵਰੀ — ਗੰਭੀਰਤਾ ਵਾਲੀ ਬੁੱਧੀ , ਵਾ :- ਪਾਰਬਤੀ।
ਆਸਾਵਰੀ ( ਆਸਾ + ਵਰੀ ) = ਆਸਾ ਵਰਜੀ।

*ਅਰਥ:* ਜੋ ਗੰਭੀਰਤਾ ਸਹਿਤ ਬੁੱਧੀ ਪ੍ਰਮੇਸ਼ਰ ਨੂੰ ਗਾਉਂਦੀ ਹੈ ਅਤੇ ਆਸਾ ਨੂੰ ਵਰਜਿਆ ਹੈ , ਤਿਨ੍ਹਾਂ ਦਾ ਜਸ ਪਾਰਬਤੀ ਆਦਿਕ ਦੇਵੀਆਂ ਵੀ ਗਾਉਂਦੀਆ ਹਨ।

*ਪ੍ਰਮਾਣ:* 'ਮਮਤਾ ਜਾਲ ਤੇ ਰਹੈ ਉਦਾਸਾ ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥'
*{ ਬਿਲਾਵਲੁ ਮਹਲਾ ੧ ਥਿਤੀ , ਅੰਗ – ੮੪੦ }*

ਪ੍ਰਸ਼ਨ ੪੫:

ਤ੍ਰਿਸ਼ਨਾ ਕਿਵੇਂ ਮਰੀ ?

ਉੱਤਰ ੪੫:

ਤਿਹ ਪਾਛੈ ; ਸਿੰਧਵੀ ਅਲਾਪੀ ॥

*ਪਦ ਅਰਥ:* ਤਿਹ — ਤ੍ਰਿਸ਼ਨਾ। ਪਾਛੈ — ਪਿੱਛੇ ਹਟੇ। ਸਿੰਧਵੀ ( ਸਿੰਧ + ਵੀ ) = ਸਿੰਧ — ਸਮੁੰਦਰ। ਵੀ — ਨਿਆਈਂ। ਅਲਾਪੀ — ਜਸ।

*ਅਰਥ:* ਜੋ ਸੰਤ ਭਗਤ ਤ੍ਰਿਸ਼ਨਾ ਤੋਂ ਪਿੱਛੇ ਹਟੇ ਹਨ , ਤਿਨ੍ਹਾਂ ਦਾ ਜਸ ਸੰਸਾਰ ਸਮੁੰਦਰ ਦੀ ਨਿਆਈਂ ਕਥਨ ਕਰੀਦਾ ਹੈ , ਵਾ :- ਜੋ ਸਮੁੰਦਰ ਦੀ ਨਿਆਈਂ ਪਰਮੇਸ਼ਰ ਨੂੰ ਵੱਡਾ ਜਾਣ ਕੇ ਅਲਾਪਦੇ ਹਨ , ਤਿਨ੍ਹਾਂ ਮਗਰੋਂ ਤ੍ਰਿਸ਼ਨਾਂ ਹਟ ਗਈ ਹੈ।

*ਪ੍ਰਮਾਣ:* ੧. 'ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥
ਨਾਨਕ ਉਧਰੇ ਪ੍ਰਭ ਸਰਣਾਈ ॥'

*{ ਧਨਾਸਰੀ ਮਹਲਾ ੫ , ਅੰਗ – ੬੮੪ }*

੨. 'ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥'

*{ ਧਨਾਸਰੀ ਮਹਲਾ ੫ , ਅੰਗ – ੬੮੨ }*

ਪ੍ਰਸ਼ਨ ੪੬:

ਕਲੇਸ਼ ਕਿਵੇਂ ਮਿਟੇ ?

ਉੱਤਰ ੪੬:

ਸਿਰੀ ਰਾਗ ਸਿਉ ; ਪਾਂਚਉ ਥਾਪੀ ॥੧॥

*ਪਦ ਅਰਥ:* ਸਿਰੀ — ਸ਼੍ਰੋਮਣੀ। ਰਾਗ — ਪ੍ਰੇਮ। ਪਾਂਚਉ — ਪੰਜ ਕਲੇਸ਼*।
( ਅਵਿਦਿਆ , ਅਸੰਮਤਾ , ਰਾਗ , ਦ੍ਵੈਖ , ਅਭੀਨਵੇਸ਼ )
ਥਾਪੀ — ਰੋਕੀ।

*ਅਰਥ:* ਸ਼੍ਰੋਮਣੀ ਅਕਾਲ ਪੁਰਖ ਦੇ ਪ੍ਰੇਮ ਨਾਲ ਪੰਜਾਂ ਕਲੇਸ਼ਾਂ ਤੋਂ ਬਿਰਤੀ ਰੋਕੀ ਹੈ।

*ਪ੍ਰਮਾਣ:* 'ਕਲੀ ਕਾਲ ਕੇ ਮਿਟੇ ਕਲੇਸਾ ॥
ਏਕੋ ਨਾਮੁ ਮਨ ਮਹਿ ਪਰਵੇਸਾ ॥'

*{ ਸੂਹੀ ਮਹਲਾ ੫ , ਅੰਗ – ੭੪੪ }*

* ੧. ਅਵਿਦਿਆ :- ਸਰੂਪ ਦੇ ਪ੍ਰਕਾਸ਼ ਤੋਂ ਰਹਿਤ।

੨. ਅਸੰਮਤਾ :- ਸਮਾਨ ਬਿਰਤੀ ਨਾ ਹੋਣੀ।

੩. ਰਾਗ :- ਮੋਹ।

੪. ਦ੍ਵੈਖ :- ਵੈਰ।

੫. ਅਭੀਨਵੇਸ਼ :- ਉਲਟਾ ਹਠ। ਵੇਦ , ਸ਼ਾਸਤਰ , ਗੁਰਾਂ ਤੋਂ ਉਲਟੀ ਬਾਤ ਦਾ ਹਠ ਕਰਨਾ।

ਪ੍ਰਸ਼ਨ ੪੭:

ਬ੍ਰਹਮ ਕਿਵੇਂ ਵਿਆਪਕ ਹੈ ?

ਉੱਤਰ ੪੭:

ਸਾਲੂ ਸਾਰਗ ਸਾਗਰਾ ; ਅਉਰ ਗੋਂਡ ਗੰਭੀਰ ॥

*ਪਦ ਅਰਥ:* ਸਾਲੂ — ਘਰ। ਸਾਰਗ ( ਸਾਰ + ਗ ) = ਸਾਰ — ਸ੍ਰੇਸ਼ਟਤਾ।
ਗ — ਗ੍ਰਹਿਣ। ਸਾਗਰਾ — ਸਮੁੰਦਰ। ਗੋਂਡ — ਵਿਚਾਰ।
ਗੰਭੀਰ — ਡੂੰਘਾ। ਅਉਰ — ਬਹੁੜੋ।

*ਅਰਥ:* ਸ੍ਰੇਸ਼ਟਤਾਈ ਨੂੰ ਗ੍ਰਹਿਣ ਕਰਨ ਦਾ ਘਰ ਜੋ ਪ੍ਰਮੇਸ਼ਰ ਹੈ , ਬਹੁੜੋ ਤਿਸ ਨੂੰ ਸਮੁੰਦਰ ਦੀ ਨਿਆਈਂ ਗੰਭੀਰ ਜਾਣ ਕੇ ਵਿਚਾਰਦੇ ਹਨ।
ਵਾ :- ਘਰ ਦੀ ਨਿਆਈਂ ਆਸਰਾ ਰੂਪ ਹੈ। ਸਾਰ — ਸ੍ਰੇਸ਼ਟਤਾ ਦਾ
ਗ — ਗਿਆਤਾ ਹੈ , ਸਮੁੰਦਰ ਦੀ ਨਿਆਈਂ ਅਗੰਮ ਹੈ। ਪ੍ਰਕ੍ਰਿਤੀ ਤੋਂ ਗੰਭੀਰ ਹੈ , ਅਉਰ — ਸਭ ਵਿਚ ਗੋਂਡ — ਮਿਲਿਆ ਹੋਇਆ ਹੈ।

*ਪ੍ਰਮਾਣ:* 'ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥
ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥'

*{ ਮਾਰੂ ਬਾਣੀ ਕਬੀਰ ਜੀ , ਅੰਗ – ੧੧੦੩ }*

ਪ੍ਰਸ਼ਨ ੪੮:

ਸਰੂਮਾ ਕੌਣ ਹੈ ?

ਉੱਤਰ ੪੮:

ਅਸਟ ਪੁਤ੍ਰ , ਸ੍ਰੀ ਰਾਗ ਕੇ ; ਗੁੰਡ ਕੁੰਭ ਹਮੀਰ ॥੧॥

*ਪਦ ਅਰਥ:* ਅਸਟ — ਅੱਠ ( ਯਮ , ਨੇਮ , ਆਸਨ , ਪ੍ਰਾਣਾਯਾਮ , ਪ੍ਰਤਿਆਹਾਰ , ਧਾਰਨਾ , ਧਿਆਨ , ਸਮਾਧੀ )।
ਪੁਤ੍ਰ — ਪਵਿੱਤਰ। ਸ੍ਰੀ ਰਾਗ — ਸ਼੍ਰੋਮਣੀ ਪ੍ਰੇਮ। ਗੁੰਡ — ਮਿਲਿਆ।
ਕੁੰਭ — ਸਰੀਰ। ਹਮੀਰ — ਸੂਰਮਾ।

*ਅਰਥ:* ਇਹ ਅੱਠੇ ਜੋਗ ਦੇ ਅੰਗ , ਜੋ ਸ਼੍ਰੋਮਣੀ ਪ੍ਰਮੇਸ਼ਰ ਦੇ ਪ੍ਰੇਮੀ ਹਨ , ਉਨ੍ਹਾਂ ਦੇ ਪਵਿੱਤਰ ਹੋਏ ਹਨ। ਕਿਉਂਕਿ ਜੋ ਮਨੁਖਾ ਜਨਮ ਮਿਲਿਆ ਹੈ , ਇਸ ਨੂੰ ਪਾ ਕੇ ਅਗਿਆਨ ਦੁਸ਼ਮਣ ਨੂੰ ਜਿੱਤ ਕੇ ਉਹ ਸੂਰਮੇ ਬਣੇ ਹਨ।
ਵਾ :- ਗੁੰਡ — ਮਿਲਿਆ ਜੋ ਕੁੰਭ — ਸਰੀਰ ਹੈ , ਇਸ ਦੇ ਅਭਿਮਾਨ ਨੂੰ ਮਾਰ ਕੇ ਸੂਰਮੇ ਹੋ ਗਏ।

*ਪ੍ਰਮਾਣ:* 'ਨਾਨਕ ਸੋ ਸੂਰਾ ਵਰੀਆਮੁ ;
ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥'

*{ ਸਿਰੀ ਰਾਗ ਕੀ ਵਾਰ , ਸਲੋਕ ਮ: ੩ , ਅੰਗ – ੮੬ }*

## *ਯਮ :*

ਯਮ ਦਸ ਪ੍ਰਕਾਰ ਦਾ ਹੈ :–

੧. ਅਹਿੰਸਾ :– ਇਹ ਤਿੰਨ ਪ੍ਰਕਾਰ ਦੀ ਹੈ:
- ਮਨ ਤੋਂ ਬੁਰਾ ਨਾ ਚਿਤਵਨਾ।
- ਜੁਬਾਨ ਤੋਂ ਫਿੱਕਾ ਨਾ ਬੋਲਣਾ।
- ਦੇਹ ਕਰਕੇ ਕਿਸੇ ਜੀਵ ਨੂੰ ਨਾ ਮਾਰਨਾ।

੨. ਸੱਚ :– ਝੂਠ ਨਾ ਬੋਲੇ , ਸਦਾ ਸੱਚ ਬੋਲੇ।

੩. ਚੋਰੀ ਤੋਂ ਰਹਿਤ ਹੋਵੇ :– ਸਰੀਰ ਨਾਲ ਚੀਜ਼ ਨਾ ਚੁੱਕੇ , ਮਨ ਦੇ ਪਾਪ ਨਾ ਲੁਕੋਵੇ , ਇਉਂ ਚੋਰੀ ਤੋਂ ਬਿਨਾਂ ਹੋਵੇ।

੪. ਜਤ ਰਖੇ :– ਅੱਠ ਪ੍ਰਕਾਰ ਨਾਲ ਕਾਮ ਦਾ ਤਿਆਗ ਕਰੇ।
- ਬਾਤ ਕਰਨੀ
- ਸੁਣਨੀ
- ਇਕਾਂਤ ਮਿਲਣਾ
- ਅੰਗ ਪਰਸਣੇ
- ਹਿਤ ਨਾਲ ਦੇਖਣਾ
- ਹਿਰਦੇ ਨਾਲ ਲਾਉਣਾ
- ਮਨ ਵਿਚ ਚਿਤਵਨੀ
- ਭੋਗ

ਇਨ੍ਹਾਂ ਅੱਠਾਂ ਤੋਂ ਰਹਿਤ ਹੋਵੇ , ਇਉਂ ਜਤ ਰੱਖੇ।

੫. ਧੀਰਜ :– ਸੁਖ ਦੁਖ ਵਿਚ ਸਮ।

੬. ਖਿਮਾ :– ਕਿਸੇ ਦੇ ਔਗੁਣ ਵੇਖ ਕੇ ਮੁਆਫ ਕਰਨੇ , ਖੋਭ ਨਾ ਕਰਨਾ।

੭. ਦਇਆ :– ਦੁਖੀ ਵੇਖ ਕੇ ਉਸ ਦੀ ਸਹਾਇਤਾ ਕਰਨੀ।

੮. **ਕੋਮਲ ਹਿਰਦਾ** :- ਚੰਗਾ ਉਪਦੇਸ਼ ਸਭ ਨੂੰ ਦੇਣਾ।

੯. **ਮਰਯਾਦਾ ਦਾ ਭੋਜਨ ਛਕਣਾ** :- ਭੁਖ ਤੋਂ ਚੌਥਾ ਹਿੱਸਾ ਘੱਟ ਖਾਣਾ।

੧੦. **ਇਸ਼ਨਾਨ** :- ਸਰੀਰ ਦਾ ਜਲ ਨਾਲ , ਮਨ ਦਾ ਰਾਗ ਦ੍ਵੈਖ ਦੇ ਤਿਆਗ ਨਾਲ।

ਇਹ ਦਸ ਪ੍ਰਕਾਰ ਦਾ ਯਮ ਇਕ ਅੰਗ ਹੈ।

## *ਨੇਮ* ਃ

ਇਹ ਵੀ ਦਸ ਪ੍ਰਕਾਰ ਦਾ ਹੈ :-

੧. **ਤਪ** :- ਇਹ ਤਿੰਨ ਤਰ੍ਹਾਂ ਦਾ ਹੈਃ

- **ਤਾਮਸੀ ਤਪ** :- ਭੁੱਖੇ ਤਿਹਾਏ ਰਹਿਣਾ , ਅਗਨ ਤਾਵਣੀ , ਜਲ ਧਾਰਾ ਇਹ ਤਾਮਸੀ ਤਪ ਹੈ।
- **ਰਾਜਸੀ ਤਪ** :- ਕੁਕਰਮਾਂ ਵਲੋਂ ਇੰਦ੍ਰੀਆਂ ਰੋਕਣੀਆਂ , ਸ੍ਰੇਸ਼ਟ ਸੇਵਾ ਆਦਿਕ ਕਰਨੀ ਰਾਜਸੀ ਤਪ ਹੈ।
- **ਸ਼ਾਂਤਕੀ ਤਪ** :- ਬਿਰਤੀ ਨੂੰ ਨਾਮ ਵਿਚ ਟਿਕਾਉਣਾ।

੨. **ਸੰਤੋਖ** :- ਵਾਹਿਗੁਰੂ ਦੀ ਰਜਾ ਵਿਚ ਜੋ ਪਦਾਰਥ ਮਿਲੇ ਦੁਖ ਜਾਂ ਸੁਖ , ਉਸ ਵਿਚ ਪ੍ਰਸੰਨ ਰਹਿਣਾ , ਇਹ ਸੱਚਾ ਸੰਤੋਖ ਹੈ।

- **ਕੱਚਾ ਸੰਤੋਖ** :-ਪਦਾਰਥ ਹੱਥ ਨਾ ਆਉਣਾ , ਕਹਿਣਾ ਮੈਂ ਸੰਤੋਖੀ ਹਾਂ। ਇਸ ਤਰਾਂ ਕਰਨ ਨਾਲ ਚਿੱਤ ਪ੍ਰਸੰਨ ਨਹੀਂ ਹੁੰਦਾ , ਕੇਵਲ ਵਡਿਆਈ ਦੀ ਭੁੱਖ ਹੁੰਦੀ ਹੈ।

੩. **ਆਸਤਕ** :- ਗੁਰੂ ਸਾਹਿਬ ਦੇ ਬਚਨਾਂ 'ਤੇ ਬੁੱਧੀ ਅੰਦਰ ਦ੍ਰਿੜ੍ਹ ਨਿਸ਼ਚਾ ਹੋਣਾ।

੪. **ਦਾਨ** :- ਬਿਨਾਂ ਚੰਗੇ ਸਮੇਂ ਤੋਂ ਕ੍ਰੋਧ ਸਹਿਤ ਦਾਨ ਦੇਣਾ ਤਾਮਸੀ ਹੈ। ਆਪਣੇ ਜਸ ਵਾਸਤੇ ਦਾਨ ਰਾਜਸੀ ਜੈ। ਵਾਹਿਗੁਰੂ ਦਾ ਜਾਣ ਕੇ ਸਾਰੇ ਪਦਾਰਥ ਦੇਣੇ , ਆਪਣਾ ਕੋਈ ਭੀ ਨਾ ਮੰਨਣਾ , ਇਹ ਸਾਂਤਕੀ ਉੱਤਮ ( ਗੁਰਮਤਿ )

ਦਾਨ ਹੈ। ਚਾਹੇ ਵਿਦਿਆ ਹੋਵੇ , ਚਾਹੇ ਧਨ ਹੋਵੇ , ਨਿਰਮਾਣ ਹੋ ਕੇ ਦੇਵੇ ਬੇਅੰਤ ਫਲ ਹੈ।

੫. ਪੂਜਾ :- ਰਿਦੇ ਦੀ ਭਾਵਨਾ ਗੁਰੁ ਸਾਹਿਬ ਵਿਚ ਧਰ ਕੇ ਮਨ ਨਾਲ ਪੂਜਨ ਕਰਨਾ।

੬. ਪਾਠ :- ਗੁਰਾਂ ਦੇ ਸ਼ਬਦ ਨੂੰ ਪੜ੍ਹਨਾ ਸੁਨਣਾ। ਗੁਰੁ ਸਿਧਾਂਤ ਤੋਂ ਬਿਨਾਂ ਹੋਰ ਕੋਈ ਗੱਲ ਕੰਨੀਂ ਨਾ ਪਾਉਣੀ ਤੇ ਨਾ ਹੀ ਕਹਿਣੀ।

੭. ਬਿਨਾਂ ਦੰਭ :- ਗੁਰੂ ਦੇ ਸ਼ਬਦ ਦੀ ਕਮਾਈ ਕਰੇ , ਤੇ ਮਨ ਬਾਣੀ ਸਰੀਰ ਕਰਕੇ ਪਵਿੱਤਰ ਰਹੇ। ਗੁਰ ਸ਼ਬਦ ਦਾ ਅਨੁਸਾਰੀ ਹੋ ਕੇ ਵਰਤੇ , ਪਖੰਡ ਨਾ ਕਰੇ।

੮. ਸ਼ਾਂਤਕੀ ਬਿਰਤੀ :- ਨੀਵਾਂ ਚੱਲੇ , ਮਿੱਠਾ ਬੋਲੇ।

੯. ਅਬੋਲ :- ਜਿੰਨਾਂ ਚਿਰ ਨਿਤਨੇਮ ਦਾ ਪਾਠ ਕਰੇ , ਓਨਾਂ ਚਿਰ ਉਸ ਵਿਚ ਨਾ ਬੋਲੇ।

੧੦. ਹੋਮ :- ਭੁੱਖੇ ਦੇ ਮੂੰਹ ਵਿਚ ਅੰਨ ਜਲ ਪਾਉਣਾ , ਇਹ ਬ੍ਰਹਮ ਹੋਮ ਹੈ। ਅਗਨ ਹੋਮ ਕੇਵਲ ਅਗਨ ਅਹੂਤੀ ਹੈ।

ਇਹ ਦਸ ਪ੍ਰਕਾਰ ਦਾ ਨੇਮ ਹੈ।

### *ਆਸਨ ॰*

ਪਦਮ ਆਸਨ , ਸਿਧ ਆਸਨ ਆਦਿ।

### *ਪ੍ਰਾਣਾਯਾਮ ॰*

ਸੁਆਸਾਂ ਦਾ ਚੜ੍ਹਾਉਣਾ , ਠਹਿਰਾਉਣਾ , ਉਤਾਰਨਾ।

## ਪ੍ਰਤਿਆਹਾਰ ॰

ਪੰਜ ਵਿਸ਼ਿਆਂ ਤੋਂ ਇੰਦ੍ਰੀਆਂ ਦੇ ਬੇਗ ਨੂੰ ਵਰਜ ਕੇ ਮਨ ਦੀਆਂ ਵਾਂਸ਼ਨਾਂ ਮੇਟ ਕੇ ਆਤਮ ਵਿਚਾਰ ਵਿਚ ਜੋੜਨਾ। ਅਥਵਾ :- ਇਕਾਂਤ ਦੇਸ਼ ਇਸ ਅੰਗ ਦਾ ਨਾਮ ਹੈ ; ਜਿਸ ਦਾ ਭਾਵ ਜਿਥੇ ਕਿਸੇ ਪੁਰਸ਼ ਦੀ ਅਵਾਜ਼ ਨਾ ਸੁਣੇ , ਤਿਥੇ ਰਹਿਣਾ।

## ਧਾਰਨਾ ॰

ਚਿੱਤ ਨੂੰ ਇਕਾਗਰ ਕਰਨਾ , ਕਿਸੇ ਖਾਸ ਅਸਥਾਨ ਅਤੇ ਸੱਚੀ ਵਸਤੁ ਵਿਚ ਜੋੜਨਾ।

## ਧਿਆਨ ॰

ਗੁਰਾਂ ਦੇ ਸ਼ਬਦ ਵਿਚ ਚਿੱਤ ਨੂੰ ਜੋੜਨਾ , ਜੋਤੀ ਸਰੂਪ ਦਾ ਅੰਤ੍ਰੀਵ ਧੇਅਕਾਰ ਬਿਰਤੀ ਹੋ ਕੇ ਪ੍ਰਾਪਤ ਹੋਣਾ ; ਮਨ ਨੇ ਹੋਰ ਪਾਸੇ ਨਾ ਜਾਣਾ।

## ਸਮਾਧਿ ॰

ਤ੍ਰਿਕੁਟੀ ਰਹਿਤ ਕੇਵਲ ਬ੍ਰਹਮ ਭਾਵ ਨਿਰਵਿਕਲਪ ਸਮਾਧੀ ਹੈ ਤੇ ਤ੍ਰਿਕੁਟੀ ਸਹਿਤ , ਧਿਆਤਾ , ਧਿਆਨ , ਧੇਯ ਭਿੰਨ ਭਿੰਨ ਪ੍ਰਤੀਤ ਹੋਵੇ , ਸਵਿਕਲਪ ਸਮਾਧੀ ਹੈ।

## - ਗੁਰਮਿਤ ਭਗਤ ਜੋਗ ਦੇ ਅੱਠ ਅੰਗ -

੧. ਯਮ :- ਮਨ ਨੀਵਾਂ ਰੱਖਣਾ , ਆਪਣੇ ਗੁਣਾਂ ਤੋਂ ਸਦਾ ਨਿਰਮਾਣ ਰਹਿਣਾ।

੨. ਨੇਮ :- ਨਿਯਮ ਨਾਲ ਸਤਿਸੰਗਤ ਵਿਚ ਜਾਣਾ। ਕਥਾ ਕੀਰਤਨ ਸੰਗਤ ਵਿਚ ਮਿਲ ਕੇ ਸੁਣਨਾ। ਜੇ ਪੜ੍ਹਨ ਦੀ ਤਾਕਤ ਹੋਵੇ ਤਾਂ ਨਿਯਮ ਨਾਲ ਪੜ੍ਹਨਾ , ਨਹੀਂ ਤਾਂ ਇਕ ਮਨ ਹੋ ਕੇ ਸੁਣਨਾ।

੩. ਇਕਾਂਤ ਦੇਸ਼ :- ਸਭ ਵਿਚ ਇਕ ਅਕਾਲ ਪੁਰਖ ਨੂੰ ਜਾਨਣਾ , ਦੂਜਾ ਕੋਈ ਦਿਸਣਾ ਹੀ ਨਾ , ਸਾਰਿਆਂ ਘਟਾਂ ਵਿਚ ਇਕੋ ਹੀ ਪ੍ਰਮੇਸ਼ਰ ਵਿਆਪਕ ਹੈ , ਵਾ :- ਪ੍ਰਤਿਆਹਾਰ — ਮਨ ਦੀਆਂ ਵਾਸ਼ਨਾ ਸੂਖਮ ਕਰਨੀਆਂ , ਆਮਤ ਵਿਚਾਰ ਵਿਚ ਜੋੜਨਾ।

੪. ਆਸਨ :- ਅਕਾਲ ਪੁਰਖ ਵਿਚ ਚਿੱਤ ਦੀ ਬਿਰਤੀ ਨੂੰ ਇਸਥਿਤ ਕਰਨਾ , ਚਿਤ ਹੀ ਤਿਸ ਪ੍ਰਮੇਸ਼ਰ ਵਾਸਤੇ ਆਸਨ ਹੈ।

੫. ਪ੍ਰਾਣਾਯਾਮ :-
- ਪੂਰਕ – ਗੁਰੂ ਦੇ ਬਚਨ ਸੁਣ ਕੇ ਸਾਰੇ ਅੰਦਰ ਖਿੱਚ ਲੈਣੇ , ਭਾਵ ਧਾਰਨ ਕਰ ਲੈਣੇ।
- ਕੁੰਭਕ – ਜੋ ਆਤਮਕ ਵਸਤੂ ਸਮਝੀ ਹੈ ਗੁਰਾਂ ਦੇ ਬਚਨ ਦੁਆਰਾ , ਉਸ ਵਿਚ ਸਦਾ ਰਿਦੇ ਨੂੰ ਇਸਥਿਤ ਕਰਨਾ। ਅਭਿਆਸ ਕਰਦੇ ਰਹਿਣਾ , ਤਿਆਗਣਾ ਨਾ। ਵਾਹਿਗੁਰੂ ਮੰਤ੍ਰ ਨੂੰ ਸਦਾ ਮਨ ਵਿਚ ਠਹਿਰਾਉਣਾ।
- ਰੇਚਕ – ਸਤਿਗੁਰਾਂ ਦੇ ਬਚਨਾਂ ਨੇ ਜੋ ਤਿਆਗਣਾ ਕਿਹਾ ਹੈ , ਤਿਸ ਨੂੰ ਤਿਆਗ ਕੇ ਵੱਡਾ ਸੁਖ ਮੰਨਣਾ , ਇਹ ਪ੍ਰਾਣਾਯਾਮ ਹੈ।

੬. ਧਿਆਨ :- ਜਦੋਂ ਗੁਰਬਾਣੀ ਪੜ੍ਹਨ , ਸੁਣਨ ਬੈਠੇ , ਉਦੋਂ ਗੁਰਾਂ ਦੇ ਸ਼ਬਦ ਦੇ ਅਰਥ ਵਿਚ ਧਿਆਨ ਰੱਖੇ। ਹੋਰ ਫੁਰਨਾ – ਸੰਕਲਪ ਨਾ ਫੁਰਨ ਦੇਵੇ।

੭. ਧਾਰਨਾ :- ਮਨ ਜਦੋਂ ਸੰਕਲਪ ਵਿਚ ਜਾਵੇ , ਫਿਰ ਮਨ ਨੂੰ ਰੋਕ ਕੇ ਸ਼ਬਦ ਵਿਚ ਹੀ ਲਾਵੇ।

੮. ਸਮਾਧਿ :- ਸ਼ਬਦ ਵਿਚ ਜਦੋਂ ਮਨ ਦੋ ਚਾਰ ਘੜੀਆਂ ਟਿਕਣ ਲੱਗ ਜਾਵੇ , ਫਿਰ ਤਨ ਮਨ ਨੂੰ ਸਾਧ ਕੇ ਅੱਠੇ ਪਹਿਰ ਮਨ ਵਿਚ ਸ਼ਬਦ ਦਾ ਰਸ ਲਵੇ ; ਹਉਮੈ ਮੇਟ ਕੇ ਪੂਰਨ ਪ੍ਰਮੇਸ਼ਰ ਵਿਚ ਸਮਾਵੇ ਤਾਂ ਪੂਰਨ ਸਮਾਧੀ ਹੁੰਦੀ ਹੈ।

ਇਹ ਅੱਠ ਅੰਗ ਭਗਤ ਜੋਗ ਦੇ ਹਨ।

## ਪ੍ਰਸ਼ਨ ੪੯:

ਗੁਰਾਂ ਨੂੰ ਕੌਣ ਕੌਣ ਗਾਉਂਦੇ ਹਨ ?

## ਉੱਤਰ ੪੯:

ਖਸਟਮ ; ਮੇਘਰਾਗ ਵੈ ਗਾਵਹਿ ॥

*ਪਦ ਅਰਥ:* ਖਸਟਮ — ਛੇ ਜਤੀ।
( ਗੋਰਖ , ਭੀਸ਼ਮ ਪਿਤਾਮਾ , ਲਛਮਣ , ਭੈਰਉ , ਦੱਤਾ ਤ੍ਰੇ , ਹਨੂੰਮਾਨ )
ਮੇਘ — ਬੱਦਲ।

*ਅਰਥ:* ਉਸ ਸੁੱਧ ਸਰੂਪ ਵਾਹਿਗੁਰੂ ਨੂੰ ਛੇ ਜਤੀ ਵੀ ਗੁਰੂ ਰੂਪ ਬੱਦਲ ਨਾਲ ਪ੍ਰੇਮ ਕਰਕੇ ਗਾਉਂਦੇ ਹਨ। ਵਾ :- ਮਨ , ਬਾਣੀ , ਸਰੀਰ ਤੇ ਤਿੰਨੇ ਕਾਲ , ਇਨ੍ਹਾਂ ਛੇਆਂ ਵਿਚ ਸਤਿਗੁਰਾਂ ਦੇ ਪ੍ਰੇਮ ਨਾਲ ਤਿਸ ਪਰਮੇਸ਼ਰ ਨੂੰ ਗਾਈਦਾ ਹੈ।

*ਪ੍ਰਮਾਣ:* 'ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ;
ਹਰਿ ਰਸ ਪੂਰਨ ਸਰਬ ਕਲਾ ॥
ਗਾਵਹਿ ਸਨਕਾਦਿ ਸਾਧ ਸਿਧਾਦਿਕ ;
ਮੁਨਿ ਜਨ ਗਾਵਹਿ ਅਛਲ ਛਲਾ ॥
ਗਾਵੈ ਗੁਣ ਧੋਮੁ ਅਟਲ ਮੰਡਲਵੈ ;
ਭਗਤਿ ਭਾਇ ਰਸੁ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ;
ਰਾਜੁ ਜੋਗੁ ਜਿਨਿ ਮਾਣਿਓ ॥੩॥'

*{ ਸਵਈਏ ਮਹਲੇ ਪਹਿਲੇ ਕੇ , ਅੰਗ - ੧੩੯੦ }*

ਪ੍ਰਸ਼ਨ ੫੦:

ਮਨ ਵਿਚ ਸ੍ਰੇਸ਼ਟਤਾ ਕਿਵੇਂ ਆਵੇ ?

ਉੱਤਰ ੫੦:

ਪਾਂਚਉ ਸੰਗਿ ; ਬਰੰਗਨ ਲਾਵਹਿ ॥

*ਪਦ ਅਰਥ:* ਪਾਂਚਉ — ਪੰਜ ਤੱਤ ( ਧਰਤੀ , ਪਾਣੀ , ਪੌਣ , ਅਗਨੀ , ਅਕਾਸ਼ )।
ਬਰ — ਸ੍ਰੇਸ਼ਟਤਾਈ। ਅੰਗਨ — ਰਿਦੇ ਵਿਚ।

*ਅਰਥ:* ਪੰਜਾਂ ਤੱਤਾਂ ਦਾ ਕਾਰਜ ਸਤੋ ਮਯ ਰੂਪ ਜੋ ਮਨ ਹੈ , ਸਤਿ ਸੰਗਤ ਨਾਲ ਮਿਲ ਕੇ ਸ੍ਰੇਸ਼ਟਤਾਈ ਨੂੰ ਰਿਦੇ ਵਿਚ ਲਿਆਉਂਦਾ ਹੈ।

*ਪ੍ਰਮਾਣ:* ‘ਨਿਰਮਲ ਹੰਸਾ ਪ੍ਰੇਮ ਪਿਆਰਿ ॥
ਹਰਿ ਸਰਿ ਵਸੈ ਹਉਮੈ ਮਾਰਿ ॥’

*{ ਮਾਝ ਮਹਲਾ ੩ , ਅੰਗ – ੧੨੮ }*

ਪ੍ਰਸ਼ਨ ੫੧:

ਵੈਰਾਗ ਕਿਵੇਂ ਹੋਵੇ ?

ਉੱਤਰ ੫੧:

ਸੋਰਠਿ ਗੋਡ ; ਮਲਾਰੀ ਧੁਨੀ ॥

*ਪਦ ਅਰਥ:* ਸੋਰਠਿ — ਬੁੱਧੀ। ਗੋਡ — ਮਿਲ ਕੇ। ਮਲਾਰੀ ( ਮਲ + ਅਰੀ ) = ਪਾਪਾਂ ਰੂਪ ਮਲ — ਮੈਲ ਦਾ ਅਰੀ — ਵੈਰੀ , ਵੈਰਾਗ। ਧੁਨੀ — ਉਚਾਰਨਾ।

*ਅਰਥ:* ਸਬੁੱਧੀ ਵੈਰਾਗ ਨਾਲ ਮਿਲ ਕੇ ਉਸ ਵਾਹਿਗੁਰੂ ਦਾ ਜਸ ਉਚਾਰਨਾ ਕਰੇ।

*ਪ੍ਰਮਾਣ:* 'ਗੁਰ ਕੀ ਬਾਣੀ ਸਹਜ ਬੈਰਾਗੁ ॥'

*{ ਵਡਹੰਸੁ ਮਹਲਾ ੩ , ਅੰਗ – ੫੬੦ }*

ਪ੍ਰਸ਼ਨ ੫੨:

ਵਿਚਾਰ ਨਾਲ ਕੌਣ ਗਾਉਂਦੇ ਹਨ ?

ਉੱਤਰ ੫੨:

ਪੁਨਿ ਗਾਵਹਿ ਆਸਾ ; ਗੁਨ ਗੁਨੀ ॥

*ਪਦ ਅਰਥ:* ਪੁਨਿ — ਵਾਰ ਵਾਰ। ਗੁਨੀ — ਗਿਆਨੀ। ਗੁਨ — ਵਿਚਾਰ ਕੇ।

*ਅਰਥ:* ਵਾਰ ਵਾਰ ਆਸਾ ਰੂਪ ਜਗਤ ਨੂੰ ਵਿਚਾਰ ਕੇ ਗਿਆਨੀ ਗਿਆਨ ਸਰੂਪ ਵਾਹਿਗੁਰੂ ਨੂੰ ਗਾਉਂਦੇ ਹਨ।

*ਪ੍ਰਮਾਣ:* 'ਗਿਆਨੀਆ ਅੰਦਰਿ ਗੁਰ ਸਬਦੁ ਹੈ ;
ਨਿਤ ਹਰਿ ਲਿਵ ਸਦਾ ਵਿਗਾਸੁ ॥'

*{ ਸਲੋਕ ਵਾਰਾਂ ਤੇ ਵਧੀਕ ਮਹਲਾ ੩ , ਅੰਗ – ੧੪੧੫ }*

ਪ੍ਰਸ਼ਨ ੫੩:

ਕੀ ਦੇਵਤੇ ਵੀ ਹਰੀ ਨੂੰ ਗਾਉਂਦੇ ਹਨ ?

ਉੱਤਰ ੫੩:

ਊਚੈ ਸੁਰਿ ; ਸੂਹਉ ਪੁਨਿ ਕੀਨੀ ॥

*ਪਦ ਅਰਥ:* ਸੁਰਿ — ਦੇਵਤੇ। ਸੂਹਉ — ਸੋਭਾ। ਪੁਨਿ — ਵਾਰ ਵਾਰ।

*ਅਰਥ:* ਉੱਚੇ ਪ੍ਰਮੇਸ਼ਰ ਦੀ ਸੋਭਾ ਦੇਵਤੇ ਵੀ ਵਾਰ ਵਾਰ ਕਰਦੇ ਹਨ।

*ਪ੍ਰਮਾਣ:* 'ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ;
ਰਸਕਿ ਰਸਕਿ ਠਾਕੁਰ ਗੁਨ ਗਾਵਤ ॥'
*{ ਸਵਯੇ ਸ੍ਰੀ ਮੁਖਬਾਕ੍ ਮਹਲਾ ੫ , ਅੰਗ - ੧੩੮੭ }*

ਪ੍ਰਸ਼ਨ ੫੪:

ਸਿੱਖਾਂ ਨੇ ਪ੍ਰਮੇਸ਼ਰ ਨੂੰ ਕਿਵੇਂ ਜਾਣਿਆਂ ?

ਉੱਤਰ ੫੪:

ਮੇਘਰਾਗ ਸਿਉ ; ਪਾਂਚਉ ਚੀਨੀ ॥੧॥

*ਪਦ ਅਰਥ:* ਮੇਘ — ਬੱਦਲ। ਰਾਗ — ਪ੍ਰੇਮ। ਸਿਉ — ਨਾਲ।
ਪਾਂਚਉ — ਮੁਖੀ ਪ੍ਰਮੇਸ਼ਰ।

*ਅਰਥ:* ਪ੍ਰੇਮ ਦੇ ਬਦਲ ਸਤਿਗੁਰਾਂ ਨਾਲ ਮਿਲ ਕੇ ਮੁਖੀ ਅਕਾਲ ਪੁਰਖ ਨੂੰ ਜਾਣੀਦਾ ਹੈ।

*ਪ੍ਰਮਾਣ:* 'ਮੋਲਿ ਅਮੋਲੁ ਨ ਪਾਇਆ ਜਾਈ ;
ਕਰਿ ਕਿਰਪਾ ਗੁਰੂ ਦਿਵਾਇਆ ਥਾ ॥'

*{ ਮਾਰੂ ਮਹਲਾ ੫ , ਅੰਗ - ੧੦੦੨ }*

ਪ੍ਰਸ਼ਨ ੫੫:

ਮਨ ਕਿਵੇਂ ਪਕੜਿਆ ?

ਉੱਤਰ ੫੫:

ਬੈਰਾਧਰ ਗਜਧਰ ; ਕੇਦਾਰਾ ॥

*ਪਦ ਅਰਥ:* ਬੈਰਾਧਰ ( ਬੈਰਾ + ਧਰ ) = ਬਾਣੀ ਨੂੰ ਧਾਰਨਾ। ਗਜਧਰ — ਮਨ ਹਾਥੀ ਨੂੰ ਪਕੜਣਾ। ਕੇ — ਕੀ। ਦਾਰਾ — ਡਰ।

*ਅਰਥ:* ਗੁਰਬਾਣੀ ਨੂੰ ਧਾਰ ਕੇ ਜਦੋਂ ਮਨ ਰੂਪ ਹਾਥੀ ਨੂੰ ਪਕੜ ਲਿਆ , ਫਿਰ ਕਾਲ ਦਾ ਕੀ ਡਰ।

*ਪ੍ਰਮਾਣ:* 'ਬਾਣੀ ਰੋਕਿਆ ਰਹੈ ਦੁਆਰ ॥
ਤਉ ਮਨੁ ਮਤਵਾਰੋ ਪੀਵਨਹਾਰ ॥'

*{ ਗਉੜੀ ਕਬੀਰ ਜੀ , ਅੰਗ - ੩੪੪ }*

ਪ੍ਰਸ਼ਨ ੫੬:

ਜੀਵ ਈਸ਼ ਤੇ ਗੁਰੂ , ਸਿਖ ਦੀ ਏਕਤਾ ਕਿਵੇਂ ਹੋਈ ?

ਉੱਤਰ ੫੬:

ਜਬਲੀਧਰ ਨਟ ; ਅਉ ਜਲ ਧਾਰਾ ॥

*ਪਦ ਅਰਥ:* ਜਬਲੀਧਰ ( ਜਬ + ਲੀ + ਧਰ ) = ਜਬ — ਜਦੋਂ ( ਬਿਰਤੀ )।
ਧਰ — ਪਕੜ ਕੇ। ਲੀ — ਲੈਅ ਕਰ ਲਈ। ਨਟ — ਈਸ਼ਰ।
ਅਉ — ਫੇਰ। ਜਲ ਧਾਰਾ — ਬੱਦਲ ( ਗੁਰੂ )।
ਵਾ :- ਜਲ ਦੀ ਧਾਰਾ ਸ੍ਵਾਂਤੀ ਬੂੰਦ ਨੂੰ ਧਾਰਨ ਵਾਲਾ ਬੰਬੀਹਾ ( ਸਿਖ ) ,
ਵਾ :- ਜਲ ਦੀ ਧਾਰਾ , ਪਾਣੀ ( ਉਪਦੇਸ਼ )।

*ਅਰਥ:* ਜਦ ਬਿਰਤੀ ਹੰਕਾਰ ਵੱਲੋਂ ਲੈਅ ਕਰਕੇ ਪਕੜ ਲਈ , ਤਦ ਪ੍ਰਮੇਸ਼ਰ ਸਤਿਗੁਰੂ ਜੀ , ਨਾਮ ਉਪਦੇਸ਼ ਅਤੇ ਸਿਖ , ਇਹ ਇਕ ਸਰੂਪ ਹੀ ਵੇਖੇ।

*ਪ੍ਰਮਾਣ:* ‘ਏਕਲ ਚਿੰਤਾ ਰਾਖੁ ਅਨੰਤਾ ;
ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ ਭਏ ਨਿਹਕਾਮਾ ;
ਕੋ ਠਾਕੁਰੁ ਕੋ ਦਾਸਾ ਰੇ ॥’

*{ ਮਾਲੀ ਗਉੜਾ ਸ੍ਰੀ ਨਾਮਦੇਵ ਜੀ , ਅੰਗ – ੯੮੮ }*

ਪ੍ਰਸ਼ਨ ੫੭:

ਸ਼ਿਵ ਬਿਸ਼ਨ ਆਦਿਕ ਕਿਸ ਨੂੰ ਗਾਉਂਦੇ ਹਨ ?

ਉੱਤਰ ੫੭:

ਪੁਨਿ ਗਾਵਹਿ ; ਸੰਕਰ ਅਉ ਸਿਆਮਾ ॥

*ਪਦ ਅਰਥ:* ਪੁਨਿ — ਵਾਰ ਵਾਰ। ਸੰਕਰ — ਸ਼ਿਵਜੀ , ਕਲਿਆਣ ਸਰੂਪ , ਕ੍ਰਿਸ਼ਨ , ਰਾਮ , ਵਾ :- ਸੁੰਦਰ।

*ਅਰਥ:* ਵਾਰ ਵਾਰ ਐਸੇ ਸਤਿ ਚੇਤਨ ਅਨੰਦ ਸਰੂਪ ਨੂੰ ਵਿਸ਼ਨੂੰ ਅਤੇ ਸ਼ਿਵਜੀ ਗਾਇਨ ਕਰਦੇ ਹਨ। ਕ੍ਰਿਸ਼ਨ ਜੀ ਤੇ ਰਾਮਚੰਦ੍ਰ ਜੀ ਵੀ ਸੁੰਦਰ ਕਲਿਆਣ ਸਰੂਪ ਨੂੰ ਗਾਉਂਦੇ ਹਨ।

*ਪ੍ਰਮਾਣ:* 'ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥'

*{ ਮਾਰੂ ਮਹਲਾ ੧ , ਅੰਗ - ੯੯੨ }*

ਪ੍ਰਸ਼ਨ ੫੮:

ਗੁਰਾਂ ਨੇ ਕਿਤਨੇ ਕੁ ਪਵਿੱਤਰ ਕੀਤੇ ਹਨ ?

ਉੱਤਰ ੫੮:

ਮੇਘਰਾਗ ; ਪੁਤ੍ਰਨ ਕੇ ਨਾਮਾ ॥੧॥

*ਪਦ ਅਰਥ:* ਮੇਘ — ਬੱਦਲ ( ਸ੍ਰੀ ਗੁਰੂ ਨਾਨਕ ਦੇਵ ਜੀ )।

*ਪ੍ਰਮਾਣ:* 'ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥
ਜਲਿ ਥਲਿ ਮਹੀਅਲਿ ਦਹਦਿਸਿ ਵਰਸਾਇਆ ॥
ਸਾਂਤਿ ਭਈ ਬੁਝੀ ਸਭ ਤ੍ਰਿਸਨਾ ;
ਅਨਦੁ ਭਇਆ ਸਭ ਠਾਈ ਜੀਉ ॥੧॥'

*{ ਮਾਝ ਮਹਲਾ ੫ , ਅੰਗ – ੧੦੬ }*

*ਪਦ ਅਰਥ:* ਰਾਗ — ਪ੍ਰੇਮ। ਪੁਤ੍ਰਨ — ਪਵਿੱਤਰ।

*ਅਰਥ:* ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੱਦਲ ਦੀ ਨਿਆਈਂ ਅਵਤਾਰ ਧਾਰ ਕੇ ਸਤਿਨਾਮ ਵਾਹਿਗੁਰੂ ਦੇ ਪ੍ਰੇਮ ਵਿਚ ਕਿਤਨੇ ਹੀ ਜੀਵ ਪਵਿੱਤਰ ਕੀਤੇ ਹਨ।

*ਪ੍ਰਮਾਣ:* ੧. 'ਖੰਡ ਬ੍ਰਹਮੰਡ ਬੇਅੰਤ ਉਧਾਰਣਹਾਰਿਆ ॥
ਤੇਰੀ ਸੋਭਾ ਤੁਧੁ ਸਚੇ ਮੇਰੇ ਪਿਆਰਿਆ ॥'

*{ ਰਾਮਕਲੀ ਕੀ ਵਾਰ ਮਹਲਾ ੫ , ਅੰਗ – ੯੬੩ }*

੨. 'ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥'

*{ ਬਿਲਾਵਲੁ ਮਹਲਾ ੫ , ਅੰਗ – ੮੩੦ }*

## ਪ੍ਰਸ਼ਨ ੫੯:

ਪ੍ਰਮੇਸ਼ਰ ਨੂੰ ਗਾਉਣ ਵਾਲਿਆਂ ਵਿਚੋਂ ਕਿਸੇ ਦਾ ਨਾਮ ਕਹੋ ?

## ਉੱਤਰ ੫੯:

**ਖਸਟ ਰਾਗ ਉਨਿ ਗਾਏ ; ਸੰਗਿ ਰਾਗਨੀ ਤੀਸ ॥**

*ਪਦ ਅਰਥ:* **ਖਸਟ** — ਪੰਜ ਸੂਖ਼ਮ ਤੱਤ ( ਸ਼ਬਦ , ਸਪਰਸ਼ , ਰੂਪ , ਰਸ , ਗੰਧ ) ਤੇ ਛੇਵਾਂ ਚਿੱਤ। **ਰਾਗਨੀ** — ਪ੍ਰੀਤੀ। **ਤੀਸ** — ੨੭ ਸਿਮ੍ਰਤੀਆਂ ਤੇ ਤਿੰਨ ਲੋਕ , ਇਹ ਤੀਹ। **ਉਨਿ** — ਉਸ ਵਾਹਿਗੁਰੂ ਨੂੰ।

*ਅਰਥ:* ਪੰਜ ਸੂਖ਼ਮ ਤੱਤ ਤੇ ਛੇਵਾਂ ਚਿੱਤ ਉਸ ਵਾਹਿਗੁਰੂ ਤਾਈਂ ਪ੍ਰੀਤੀ ਸਹਿਤ ਗਾਉਂਦੇ ਹਨ। ਅਤੇ ਸਤਾਈ ਸਿਮ੍ਰਤੀਆਂ* , ਤਿੰਨ ਲੋਕ ਸਿਹ ਸਾਰੇ ਮਿਲ ਕੇ ਪ੍ਰੀਤੀ ਸਹਿਤ ਗਾਉਂਦੇ ਹਨ।

*ਪ੍ਰਮਾਣ:* ੧. ‘ਖਟੁ ਭੀ ਏਕਾ ਬਾਤ ਵਖਾਨਹਿ ॥’

*{ ਰਾਮਕਲੀ ਮਹਲਾ ੫ , ਅੰਗ – ੮੮੬ }*

੨. ‘ਰਾਗ ਰਤਨ ਪਰਵਾਰ ਪਰੀਆ ;
ਸਬਦ ਗਾਵਣ ਆਈਆ ॥’

*{ ਰਾਮਕਲੀ ਮਹਲਾ ੩ , ਅੰਗ – ੯੧੭ }*

੩. ‘ਸਿਮਰੈ ਧਰਤੀ ਅਰੁ ਆਕਾਸਾ ॥
ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ;
ਸਿਮਰੈ ਸਗਲ ਉਪਾਰਜਨਾ ॥’

*{ ਮਾਰੂ ਸੋਲਹੇ ਮਹਲਾ ੫ , ਅੰਗ – ੧੦੭੮ }*

## ੨੭ ਸਿਮ੍ਰਤੀਆਂ ਦੇ ਨਾਮ

- ਮਨੂੰ ਸਿੰਮਰਤੀ
- ਯਾਗਵਾਲਕਯ
- ਲਘੁਅਤ੍ਰਿ
- ਅਤ੍ਰੀ
- ਵ੍ਰਿਧ ਅਤ੍ਰੀ
- ਵਿਸ਼ਨੂੰ
- ਲਘੁਹਾਰੀਤ
- ਵ੍ਰਿਧਹਾਰੀਤ
- ਔਸ਼ਨਸ
- ਆਗਿਰਧ
- ਯਮ
- ਆਪ ਸਤੰਬ
- ਸੰਵਰਤ
- ਕਾਤਜਾਯਨ
- ਬ੍ਰਿਹਸਪਤ
- ਪਾਰਾਸੁਰ
- ਵ੍ਰਿਹਤ ਪਰਾਸੁਰੀ
- ਬਿਆਸ
- ਲਘੁ ਵਾਸੁਕ
- ਸੰਖ
- ਲਿਖਤ
- ਦੱਖ
- ਗੌਤਮ
- ਵਿਵਧ ਗੌਤਮ
- ਸੰਤਾਤਪ
- ਵਸ਼ਿਸ਼ਟ
- ਪੁਲਸਤ

ਇਹ ਚਾਰ ਵੱਖਰੀਆਂ ਹਨ :-

- ਬੁਧ
- ਕਸ਼ਪ
- ਨਾਰਦ
- ਔਸ਼ਨਸ ਸਿੰਮ੍ਰਤੀ

ਪ੍ਰਸ਼ਨ ੬੦:

ਸਭ ਵਾਸ਼ਨਾ ਮਿਟ ਕੇ ਸ਼ਾਂਤੀ ਕਿਵੇਂ ਹੋਵੇ ?

ਉੱਤਰ ੬੦:

ਸਭੈ ਪੁਤ੍ਰ ਰਾਗੰਨ ਕੇ ; ਅਠਾਰਹ ਦਸ ਬੀਸ ॥੧॥੧॥

'॥੧॥੧॥'

ਬਾਰੇ ਵੀਚਾਰ

[ Click Here ]

( ਸੰਤ ਗਿਆਨੀ ਜਰਨੈਲ ਸਿੰਘ ਜੀ )

*ਪਦ ਅਰਥ:* ਸਭੈ — ਸਾਰੇ ਭਗਤ। ਰਾਗੰਨ — ਪ੍ਰੇਮ। ਅਠਾਰਹ — ਅਠਾਰਾਂ ਗੋਤ , ਵਾ :- ਪੁਰਾਣ*। ਪੁਤ੍ਰ — ਪਵਿੱਤਰ। ਦਸ — ਦਸ ਅਵਤਾਰ* , ਵਾ :- ਛੇ ਸ਼ਾਸਤ੍ਰ ਤੇ ਚਾਰ ਬੇਦ। ਬੀਸ — ਬੀਸ ਬਿਸਵੇ — ਨਿਸਚੇ ਕਰਕੇ।

*ਅਰਥ:* ਸਾਰੇ ਭਗਤ ਪ੍ਰੇਮ ਕਰਕੇ ਪਵਿੱਤਰ ਹੋ ਗਏ ਹਨ। ਅਠਾਰਾਂ ਗੋਤ , ਵਾ :- ਪੁਰਾਨ , ਦਸ ਅਵਤਾਰ , ਵਾ :- ਚਾਰ ਵੇਦ , ਛੇ ਸ਼ਾਸਤ੍ਰ , ਇਹ ਦਸ ; ਬੀਸ ਬਿਸਵੇ ( ਸੰਸਾਰ ) ਤੋਂ ਪਾਰ ਹੋ ਗਏ , ਵਾਹਿਗੁਰੂ ਨਾਲ ਪ੍ਰੇਮ ਕਰਕੇ। ਵਾ :- ਖਸਟ — ਮਿਲ ਕੇ ਪ੍ਰੇਮ ਨਾਲ ਜਿਨ੍ਹਾਂ ਨੇ ਗਾਇਆ ਹੈ ਪ੍ਰੀਤੀ ਕਰਕੇ। ਉਨ੍ਹਾਂ ਨੂੰ ਮਾਇਆ ਦਾ ਪਤੀ ਨਾਲ ਹੀ ਪ੍ਰਾਪਤ ਹੋ ਗਿਆ ਹੈ। ਸਹਿਤ ਭੈ ਦੇ ਪ੍ਰੇਮ ਕਰਕੇ ਪਵਿੱਤਰ ਹੋ ਗਏ ਹਨ , ਅ — ਵਿਸ਼ੇਸ਼ ਕਰਕੇ
ਠਾਰਹ — ਠੰਢੇ ਕਰ ਦਿੱਤੇ ਹਨ ਰਿਦੇ , ਦਸ — ਦੱਸ ਕੇ ਸੰਤਾਂ ਨੇ ਆਪਣੇ
ਬੀਸ — ਨਿਸ਼ਚੇ ਸ੍ਰੀ ਵਾਹਿਗੁਰੂ ਜੀ ਕੇ ਗਿਆਨ ਤਾਈਂ।
ਸੰਤਾਂ ਨੇ ਬੀਸ — ਨਿਸ਼ਚੇ ਸ੍ਰੀ ਵਾਹਿਗੁਰੂ ਜੀ ਦੇ ਗਿਆਨ ਨੂੰ ਦਸ — ਦੱਸ ਕੇ ਰਿਦੇ ਅ — ਵਿਸ਼ੇਸ਼ ਕਰਕੇ ਠਾਰਹ — ਠੰਢੇ ਕਰ ਦਿੱਤੇ ਹਨ।

*ਪ੍ਰਮਾਣ:* ੧. 'ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥'

*{ ਗਉੜੀ ਸੁਖਮਨੀ ਮਃ ੫ , ਅੰਗ - ੨੮੭ }*

੨. 'ਬੀਸ ਸਪਤਾ ਹਰੋ ਬਾਸਰੋ ਸੰਗ੍ਰਹੈ ;
ਤੀਨਿ ਖੋੜਾ ਨਿਤ ਕਾਲੁ ਸਾਰੈ ॥
ਦਸ ਅਠਾਰ ਮੈ ਅਪਰੰਪਰੋ ਚੀਨੈ ;
ਕਹੈ ਨਾਨਕੁ ਇਵ ਏਕੁ ਤਾਰੈ ॥'

*{ ਸਿਰੀ ਰਾਗੁ ਮਹਲਾ ੧ , ਅੰਗ - ੨੩ }*

## ੧੮ ਪੁਰਾਣਾਂ ਦੇ ਨਾਮ

- ਮੱਤਸ ਪੁਰਾਣ
- ਮਾਰਕੰਡੇ ਪੁਰਾਣ
- ਭਵਿੱਖਤ ਪੁਰਾਣ
- ਭਾਗਵਤ ਪੁਰਾਣ
- ਬ੍ਰਹਮ ਪੁਰਾਣ
- ਬ੍ਰਹਮਾਂਡ ਪੁਰਾਣ
- ਬ੍ਰਹਮ ਵਰਤ
- ਵਾਮਨ ਪੁਰਾਣ
- ਵਾਯੂ
- ਵਿਸ਼ਨੂੰ
- ਵਰਾਹ
- ਅਗਨਿ
- ਨਾਰਦ ਪੁਰਾਣ
- ਪਦਮ
- ਲਿੰਗ
- ਗਰੜ
- ਕੂਰਮ
- ਸਕੰਧ ਪੁਰਾਣ

## ੧੦ ਅਵਤਾਰਾਂ ਦੇ ਨਾਮ

- ਮੱਛ ਅਵਤਾਰ
- ਕੱਛ
- ਬੈਰਾਹ
- ਨਰਸਿੰਘ
- ਬਾਵਨ
- ਪਰਸਰਾਮ
- ਰਾਮਚੰਦ੍ਰ
- ਕ੍ਰਿਸ਼ਨ ਜੀ
- ਬੁਧ
- ਕਲਕੀ

ਰਾਗ ਮਾਲਾ ਦੇ ਜੋ ਇਹ ਸੱਠ ਪ੍ਰਕਰਣ ( ੬੦ ਪ੍ਰਸ਼ਨ – ਉੱਤਰ ) ਹਨ , ਇਨ੍ਹਾਂ ਵਿਚ ਗੁਰੂ ਸਾਹਿਬ ਜੀ ਦਾ ਇਹੀ ਸਿਧਾਂਤ ਹੈ :–

‘ਨਾਨਕ ਨਾਮ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥’

*{ ਮੁੰਦਾਵਣੀ ਮਹਲਾ ੫ , ਅੰਗ – ੧੪੨੯ }*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਕਰਕੇ ਨਾਮ ਮਿਲੇ ਤਾਂ ਜਿਉਂਦੇ ਹੋਈਦਾ ਹੈ ਤੇ ਤਨ ਮਨ ਨਾਮ ਰੰਗ ਵਿਚ ਹਰਿਆ ਹੋ ਆਉਂਦਾ ਹੈ।

‘ਜਨ ਨਾਨਕ ਕੀ ਹਰਿ ਆਸ ਪੁਜਾਵਹੁ ; ਹਰਿ ਦਰਸਨਿ ਸਾਂਤਿ ਸਰੀਰ ॥’

*{ ਗੋਂਡ ਮਹਲਾ ੪ , ਅੰਗ – ੮੬੨ }*

ਸਚਖੰਡਵਾਸੀ ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦਾ
ਅਨੁਭਵ ਸਰੂਪ ਪਰਮਾਰਥ ਹੈ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਜਥਾ ਭਿੰਡਰਾਂ ( ਮਹਿਤਾ )

ਪ੍ਰਕਾਸ਼ਕ:

ਦਮਦਮੀ ਟਕਸਾਲ ( ਜਥਾ ਭਿੰਡਰਾਂ ) ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ , ਮਹਿਤਾ ਸ੍ਰੀ ਅੰਮ੍ਰਿਤਸਰ